This book is dedicated to my mother
Late Swarn Kaur Minhas

# ਦੋਆਬੇ ਦੇ ਰਾਜਪੂਤ

ਪ੍ਰਕਾਸ਼ਕ
Dr. Surinder Kaur
523-W 61 St St II-B
West Mont ILLINOLS
U.S.A.—60559

ਜਨਵਰੀ, 1993

ਕੀਮਤ : ਪੜ੍ਹੋ ਅਤੇ ਪੜ੍ਹਾਓ

ਕਿਰਤ
Pritam Singh Minhas
Hon Flt/Lt (Retd.)

Joe Dasoya Jagirdar

This book is dedicated to my mother
Late Swarn Kaur Minhas

# ਦੋਆਬੇ ਦੇ ਰਾਜਪੂਤ

ਪ੍ਰਕਾਸ਼ਕ
Dr. Surinder Kaur
523-W 61 St St II-B
West Mont ILLINOLS
U.S.A.—60559

ਜਨਵਰੀ, 1993

ਕੀਮਤ : ਪੜ੍ਹੋ ਅਤੇ ਪੜ੍ਹਾਓ

ਕਿਰਤ
**Pritam Singh Minhas**
Hon Flt/Lt (Retd.)

ਛਾਪਕ : ਏਕਤਾ ਪ੍ਰਿੰਟਿੰਗ ਪ੍ਰੈਸ 2407, ਸੈਕਟਰ 22-ਸੀ, ਚੰਡੀਗੜ੍ਹ

ੴ ਸਤਿਗੁਰ ਪ੍ਰਸਾਦਿ ॥

ਜਿਤੁ ਤੂ ਲਾਵਹਿ ਤਿਤੁ ਹਮ ਲਾਗੈ ।
ਕਿਆ ਏਹ ਜੰਤ ਵੀਚਾਰੇ ॥

# ਮੁਖ-ਬੰਦ

ਦਾਤੇ ਦੀ ਰਜ਼ਾ 'ਚ ਰਹਿਣਾ ਜਾਂ ਉਸਨੂੰ ਸਮਝਣਾ ਬੜਾ ਮੁਸ਼ਕਿਲ ਹੈ ਅਤੇ ਸੌਖਾ ਭੀ । ਸੌਖਾ ਇਸ ਤਰ੍ਹਾਂ ਕਿ ਜੋ ਕੁਝ ਉਹ ਕਰਾਉਂਦਾ ਹੈ, ਕਰੀ ਜਾਉ ਅਤੇ ਹਰ ਵਕਤ ਉਸ ਦੇ ਹੁਕਮ ਵਾਸਤੇ ਤਿਆਰ ਰਹੋ । ਦਾਸ ਨੂੰ ਛੋਟੇ ਬੱਚਿਆਂ Grand-Children ਦੁਆਰਾ ਦਾਤੇ ਦਾ ਹੁਕਮ ਹੋਇਆ ਕਿ ਆਪਣਾ ਪਿਛੋਕੜ ਦਸੋ । ਆਪਣਾ ਪਿਛੋਕੜ ਲੱਭਦਿਆਂ-ਲੱਭਦਿਆਂ ਨੂੰ ਗਵਾਂਢੀਆਂ ਦਾ ਵੀ ਲੱਭਣਾ ਪਿਆ । ਮਤਲਬ ਇਹ ਕਿ ਖਾਨਦਾਨ ਦੀ ਬਜਾਏ ਬਰਾਦਰੀ/ਕੌਮ ਦਾ ਹੀ ਪਿਛੋਕੜ ਲੱਭਣਾ ਪਿਆ । 1991 ਦੇ ਸ਼ੁਰੂ ਵਿੱਚ ਦਾਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦਿਆਂ ਪੰਨਾ 1104 ਤੇ 'ਮਹਿਤਓ' ਸ਼ਬਦ ਮਿਲ ਗਿਆ ਸੀ ਅਤੇ ਉਸੇ ਵਕਤ ਮਨ ਨੇ ਇਹ ਕਬੂਲ ਕਰ ਲਿਆ ਕਿ ਇਹੀ ਸਾਡਾ ਪਿਛੋਕੜ ਹੈ, ਇਸੇ ਦੀ ਹੀ ਖੋਜ ਕਰੋ । 1991 ਦੇ ਅਖੀਰ **Col. Jaspal Singh Minhas** ਪਾਸੋਂ ਇਕ ਆਰਟੀਕਲ ਦੀ ਕਾਪੀ, ਜੋ ਕਿ 'ਮਹਿਤਓਵਾਂ' ਬਾਰੇ ਡਾਕਟਰ ਬਖ਼ਸ਼ੀਸ ਸਿੰਘ ਨਿੱਝਰ **Director of Archive Punjab, Patiala** ਦੇ ਹੱਥ ਦੀ ਲਿਖੀ ਮਿਲੀ, ਜਿਸ ਨੇ ਮਜਬੂਰ ਕੀਤਾ ਕਿ ਇਸ **Article** ਦਾ ਜਵਾਬ ਹੀ ਆਪਣੇ ਪਿਛੋਕੜ ਦੀ ਖੋਜ ਹੈ । 1992 ਦੇ ਅਖੀਰ ਖੋਜਦੇ-ਖੋਜਦੇ ਨੂੰ **MWO** ਛੁਮਨ ਸਿੰਘ ਡਰੋਲੀ-ਕਲਾਂ ਪਾਸੋਂ ਇਕ ਪੁਰਾਣੀ ਲਿਖਤ ਜੋ ਕਿ ਮਈ 1900 ਵਿਚ ਡਾਕਟਰ ਮਈਆ ਸਿੰਘ ਜੀ ਦੀ ਲਿਖੀ ਮਿਲੀ । ਪੜ੍ਹ ਕੇ ਦੁਖ ਤੇ ਸ਼ਰਮ ਮਹਿਸੂਸਦਿਆਂ ਸੁਤੇ ਮਨ ਨੂੰ ਜਗਾਇਆ ਅਤੇ ਦਾਤੇ ਦੀ ਓਟ ਲੈ ਕੇ ਇਸ ਕੰਮ ਨੂੰ ਸ਼ੁਰੂ ਕੀਤਾ । ਜੇ ਕੋਈ ਸੱਜਣ ਮੇਰੇ ਇਹ ਪੰਜ-ਸੱਤ ਪੱਤਰੇ ਪੜ੍ਹ ਕੇ ਕੋਈ ਸੁਝਾਉ ਦੇਣਾ ਚਾਹੇ ਤਾਂ ਜ਼ਰੂਰ ਲਿਖ ਕੇ ਮਿਹਰਬਾਨੀ ਕਰਨੀ । ਦਾਸ ਧੰਨਵਾਦੀ ਹੋਵੇਗਾ ।

— ਦਾਸ

ਪਰੀਤਮ ਸਿੰਘ ਮਿਨਹਾਸ
3360, Sector 35 D,
Chandigarh-160022


**Address in Canada :**
**PRITAM SINGH MINHAS**
Site Y-C5. R.R.I.
NANAIMO BC
Y9R 5KI Canada


# ਦੋ ਸ਼ਬਦ

ਡਾਕਟਰ ਮਈਆ ਸਿੰਘ ਮਿਨਹਾਸ ਜੀ ਬਾਰੇ ਚੰਦ ਲਾਈਨਾਂ ਜੋ ਉਹਨਾਂ ਦੀ ਮਈ 1900 **AD** ਵਿਚ ਲਿਖੀ ਕਿਤਾਬ ਤੋਂ ਜੋ ਸਮਝ ਆਈ, ਪੇਸ਼ ਕਰ ਰਿਹਾ ਹਾਂ ।

ਡਾਕਟਰ ਮਈਆ ਸਿੰਘ ਜੀ ਦਾ ਜਨਮ ਤਕਰੀਬਨ 1855 **AD** ਦੇ ਕਰੀਬ ਸਰਦਾਰ ਸੂਬਾ ਸਿੰਘ ਜੀ ਦੇ ਘਰ ਡਰੋਲੀ ਕਲਾਂ ਵਿਖੇ ਹੋਇਆ, ਆਪ ਜੀ ਨੇ 8-4-1880, ਅੱਠ ਅਪਰੈਲ ਅਠਾਰਾਂ ਸੌ ਅੱਸੀ ਨੂੰ ਡਾਕਟਰੀ ਦਾ ਇਮਤਿਹਾਨ ਪਾਸ ਕੀਤਾ ਅਤੇ ਜੈਪੁਰ ਨੌਕਰੀ ਕਰਨ ਲੱਗੇ, ਅਤੇ ਉਥੇ ਦੇ ਵਸਨੀਕ ਹੋ ਗਏ ਉਨ੍ਹਾਂ ਦੇ ਤਿੰਨ ਸਪੁਤਰ ਅਮਰ ਸਿੰਘ; ਸਮੁੰਦ ਸਿੰਘ ਅਤੇ ਦੌਲਤ ਸਿੰਘ ਸਨ ।

ਉਨੀਵੀਂ ਸਦੀ ਦੇ ਅਖੀਰ ਚ ਆਪਣੀ ਕੌਮ ਉਪਰ ਭਾਰੀ ਭੀੜ ਦੇਖਕੇ ਡਾਕਟਰ ਸਾਹਿਬ ਨੇ ਉਦਮ ਕਰਕੇ 17.9.1893; ਸਤਾਰਾ ਸਤੰਬਰ ਅਠਾਰਾ ਸੌ ਤਰੱਨਵੇ ਨੂੰ ਸਾਰੀ ਬਰਾਦਰੀ ਦਾ ਇਕੱਠ ਬੜੀ ਡਰੋਲੀ ਵਿਖੇ ਕੀਤਾ, ਜਿਸ ਵਿਚ ਬਰਾਦਰੀ ਦੀ ਤਰੱਕੀ, ਭਲਾਈ ਅਤੇ ਸੁਧਾਰ ਲਈ ਤਜਵੀਜ਼ਾ ਰਖੀਆਂ, ਖਾਸ ਕਰਕੇ 'ਮਹਿਤਓ' ਸ਼ਬਦ ਬਾਰੇ ਇਸ ਦੇ ਅਰਥ ਨਾ ਹੋਣ ਕਰਕੇ ਜੋ ਦੁਖ਼ਦਾਈ ਸੀ । ਇਸ ਤੋਂ ਬਾਦ 1935 ਨੂੰ ਨਡਾਲੋਂ ਵਿਖੇ **Captain Dr.** ਜ਼ੋਰਾਵਰ ਸਿੰਘ ਬਾਜੀ ਭਦਆਨਾ ਨੇ ਵੀ ਕੌਮ ਦੀ ਭਲਾਈ ਵਾਸਤੇ ਦੂਸਰਾ ਇਕੱਠ ਕੀਤਾ, ਜਿਸ ਵਿਚ ਕੁਲ ਹਿੰਦੋਸਤਾਨ ਦੇ ਬੜੇ ਬੜੇ ਰਾਜਪੂਤ ਅਤੇ ਸਰਕਾਰੀ ਸਿਵਲ ਮਹਿਕਮੇ ਦੇ ਹਾਕਮ ਬੁਲਾਏ ਗਏ ਅਤੇ ਰੈਜ਼ੁਲੇਸ਼ਨ ਰੱਖ ਕੇ ਪਾਸ ਕਰਵਾ ਦਿਤਾ ਤੇ 'ਮਹਿਤਓ' ਸ਼ਬਦ ਸਦਾ ਲਈ ਖਤਮ ਕਰ ਦਿਤਾ ਅਤੇ ਸਰਕਾਰੀ ਕਾਗਜ਼ਾਤ ਅੰਦਰੋਂ ਕੱਢਾ ਵੀ ਦਿਤਾ । ਸੋ, ਅਸੀਂ ਡਾਕਟਰ ਸਾਹਿਬ ਅਤੇ ਸੂਝਵਾਨ ਬਜ਼ੁਰਗਾਂ ਦੇ ਰਿਣੀ ਹਾਂ, ਧੰਨਵਾਦੀ ਹਾਂ ।

— ਦਾਸ

ਪ੍ਰੀਤਮ ਸਿੰਘ ਮਿਨਹਾਸ

## ਖੋਜ ਵਾਸਤੇ ਜਿਥੋਂ ਸਮੱਗਰੀ ਮਿਲੀ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਟੀਕ

1. ਕਰਤਾ ਭਾਈ ਸਾਹਿਬ ਸਿੰਘ ਜੀ
2. ਕਰਤਾ ਸੰਤ ਅਮਰੀਕ ਸਿੰਘ ਜੀ
3. ਕਰਤਾ ਪ੍ਰਿੰਸੀਪਲ ਜੋਧ ਸਿੰਘ ਜੀ
4. ਸਿੱਖ ਮਿਸ਼ਨਰੀ ਕਾਲਿਜ, ਲੁਧਿਆਣਾ
5. ਭਾਈ ਗੁਰਦਾਸ ਜੀ ਦੀਆਂ ਵਾਰਾਂ
6. ਟੌਡਜ਼ ਐਨਲਿਜ਼ ਆਫ ਰਾਜਿਸਥਾਨ
7. ਪ੍ਰੋਫੈਸਰ ਬੀ. ਐਸ. ਨਿੱਝਰ ਸਾਹਿਬ ਦਾ ਆਰਟੀਕਲ
8. ਮਹਿਤਾ ਰਾਜਪੂਤਾਂ ਦਾ ਸੰਖੇਪ ਇਤਿਹਾਸ
   ਲਿਖਤ ਡਾ: ਮਈਆ ਸਿੰਘ ਮਿਨਹਾਸ

# ਰਾਜਪੂਤ ਮਹਿਤਓ ਕੌਮ ਦਾ ਸੰਖੇਪ ਇਤਿਹਾਸ

ਰਾਜਪੂਤ ਮਹਿਤਓ ਇਸ ਕੌਮ ਨੂੰ ਕਿਸ ਤਰ੍ਹਾਂ ਕਹਿੰਦੇ ਹਨ ? ਇਹ ਮਹਿਤਓ ਸ਼ਬਦ ਰਾਜਪੂਤ ਜਾਤ ਨਾਲ ਕਿਉਂ ਬੋਲਿਆ ਜਾਂਦਾ ਹੈ ? ਤੇ ਇਹ ਨਾਮ ਕਿਉਂ ਕਰਕੇ ਮਸ਼ਹੂਰ ਹੋਇਆ ਹੈ ? ਇਸ ਕੌਮ ਵਿਚ ਨਿਮਤ ਲਿਖੇ ਗੋਤਾਂ ਦੇ ਰਾਜਪੂਤ ਸ਼ਾਮਲ ਹਨ ਜੋ ਹੇਠਾਂ ਲਿਖੇ ਜਾਣਗੇ। ਹਰ ਇਕ ਗੋਤ ਦੇ ਰਾਜਪੂਤ ਹਿੰਦੋਸਤਾਨ ਦੇ ਮੁਖਤਲਿਫ ਹਿੱਸਿਆਂ ਵਿਚੋਂ ਮੁਖਤਲਿਫ਼ ਵਕਤਾਂ ਵਿਚ ਜਲੰਧਰ ਅਤੇ ਹੁਸ਼ਿਆਰਪੁਰ ਆਦਿਕ ਜ਼ਿਲ੍ਹਿਆਂ ਅਤੇ ਕਪੂਰਥਲਾ ਆਦਿਕ ਰਿਆਸਤਾਂ ਦੇ ਇਲਾਕੇ ਵਿਚ ਜੋ ਪੰਜਾਬ ਦੇਸ਼ ਦਾ ਦੁਆਬਾ ਹਿੱਸਾ ਕਹਿਲਾਉਂਦਾ ਹੈ ਆ ਕੇ ਵਸੇ ਹੋਏ ਹਨ। ਬਾਜ਼ੇ ਗੋਤਾਂ ਦੇ ਰਾਜਪੂਤ ਤਾਂ ਅਯੁਧਿਆ ਜੀ, ਤੇ ਬਾਜ਼ੇ ਰਾਜਪੂਤਾਨੇ ਦੇ ਇਲਾਕੇ ਵਿੱਚ, ਬਾਜ਼ੇ ਦਿੱਲੀ ਦੇ ਇਰਦ ਗਿਰਦ ਦੇ ਇਲਾਕੇ, ਤੇ ਬਾਜ਼ੇ ਪੰਜਾਬ ਦੇ ਉੱਤਰ ਤੇ ਪੂਰਬੀ ਪਹਾੜੀ ਇਲਾਕਿਆਂ ਵਿਚੋਂ ਆ ਕੇ ਇਸ ਦੁਆਬੇ ਵਿਚ ਆਪਣੀ ਜ਼ਿੰਦਗੀ ਗੁਜ਼ਾਰ ਰਹੇ ਹਨ। ਬਾਜ਼ੇ ਤਾਂ ਇਹਨਾਂ ਵਿਚੋਂ ਬਾਬਰ, ਬਾਜ਼ੇ ਹਮਾਯੂ ਅਤੇ ਬਾਜ਼ੇ ਅਕਬਰ ਦੇ ਜ਼ਮਾਨੇ ਵਿਚ ਇਸ ਇਲਾਕੇ ਵਿਚ ਆਏ ਸਨ।

ਪਹਿਲਾਂ ਤਾਂ ਹਰ ਇਕ ਗੋਤ ਦੇ ਬਜ਼ੁਰਗਾਂ ਨੇ ਇਸ ਇਲਾਕੇ ਵਿਚ ਆ ਕੇ ਨੌਕਰੀ ਕਰਨੀ ਸ਼ੁਰੂ ਕੀਤੀ। ਬਾਜ਼ੇ ਤਾਂ ਜੰਗੀ ਫੌਜ਼ਾਂ ਵਿਚ ਨੌਕਰ ਹੋ ਗਏ; ਜਿਨ੍ਹਾਂ ਵਿਚੋਂ ਬਾਜਿਆਂ ਨੂੰ ਚੰਗੇ ਚੰਗੇ ਅਹੁਦੇ ਜੰਗੀ ਅਫਸਰਾਂ ਦੇ ਮਿਲੇ। ਅਤੇ ਬਾਜ਼ੇ ਮੁਲਕੀ ਕੰਮ ਦੇ ਇੰਤਜ਼ਾਮ ਪਰ ਮੁਕਰਰ ਕੀਤੇ ਗਏ। ਜੋ ਜੰਗੀ ਫੌਜਾਂ ਵਿਚ ਸਨ ਉਨ੍ਹਾਂ ਨੇ ਜੰਗ ਦੇ ਮੌਕੇ ਪਰ ਚੰਗੇ-ਚੰਗੇ ਬਹਾਦਰੀ ਤੇ ਹੌਂਸਲੇ ਦੇ ਕੰਮ ਕਰਕੇ ਦਿਖਲਾਏ ਅਤੇ ਆਪਣੇ ਹਾਕਮਾਂ ਨੂੰ ਖੂਬ ਖੁਸ਼ ਕੀਤਾ। ਉਹਨਾਂ ਨੂੰ ਵਕਤ ਦੇ ਅਫ਼ਸਰਾਂ ਦੀ ਕਿਰਪਾ ਕਰਕੇ ਬਹਾਦਰੀ ਦੇ ਕੰਮ ਬਦਲੇ ਵਿਚ ਅਤੇ ਜੋ ਮੁਲਕੀ ਪ੍ਰਬੰਧ ਦੇ ਕੰਮਾਂ ਉਪਰ ਸਨ ਉਨ੍ਹਾਂ ਨੂੰ ਚੰਗੇ-ਚੰਗੇ ਕੰਮਾਂ ਦੇ ਬਦਲੇ ਜਾਗੀਰਾਂ ਤੇ ਮਹਿਤਾ, ਮਹਿਤਓ, ਮੀਆਂ ਅਤੇ ਰਾਣਾ ਆਦਿਕ ਦੇ 'ਖਿਤਾਬ' **TITLE** ਮਿਲੇ ਹੋਏ ਹਨ।

ਮਹਤੂ, ਮਹਿਤਾ ਅਤੇ ਮਹਿਤਓ ਪੁਰਾਣੀ ਭਾਸ਼ਾ ਦੇ ਸ਼ਬਦ ਹਨ। ਜਿਸ ਦਾ ਅਰਥ ਬੜੇ ਦਾ ਹੈ ਅਤੇ ਇਹ ਲਕਬ/ਖਿਤਾਬ/**Title** ਹਨ। ਇਹ ਤਿੰਨੋਂ ਸ਼ਬਦ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਗੁਰਬਾਣੀ ਦੁਆਰਾ ਮਿਲਦੇ ਹਨ।

ਮਿਸਾਲ ਜਪੁਜੀ ਸਾਹਿਬ ਅਤੇ ਆਸਾ ਦੀ ਵਾਰ ਗੁਰੂ ਨਾਨਕ ਸਾਹਿਬ ਦੀ ਉਚਾਰੀ ਬਾਣੀ,

ਮਾਤਾ ਧਰਤੁ ਮਹਤੁ ਦੇ ਅਰਥ ਧਰਤੀ ਬੜੀ ਮਾਂ ਹੈ, ਲਬ, 'ਪਾਪ ਦੋਵੇਂ ਰਾਜਾ ਮਹਿਤਾ 'ਕੂੜ ਹੋਇਆ ਸਿਕਦਾਰ', 'ਮਹਿਤਾ ਦੇ ਅਰਥ ਵਜ਼ੀਰ ਜਾਂ ਲੀਡਰ ਹੈ ਇਸੀ ਤਰ੍ਹਾਂ 'ਮਹਿਤਓ' ਸ਼ਬਦ ਸ੍ਰੀ ਗੁਰੂ ਗਰੰਥ ਸਾਹਿਬ ਦੇ ਪੰਨਾ 1104 ਤੇ ਭਗਤ ਕਬੀਰ ਜੀ ਦੀ ਬਾਣੀ ਮਾਰੂ ਰਾਗ ਅੰਦਰ ਹੈ :—

ਦੇਹੀ ਗਾਵਾਂ ਜੀਉ ਧਰ ਮਹਿਤਓ ਬਸਹਿ ਪੰਜ ਕਰਸਾਨਾ

ਪਰ ਮਹਿਤਓ ਦਾ ਅਰਥ ਧਰਤੀ ਦਾ ਮਾਲਕ ਅਤੇ ਧਰਤੀ ਦਾ ਮਕਦਮ ਹੈ। ਇਹ ਉਪਰ ਦਿੱਤੇ ਅਰਥ ਗੁਰੂ ਗ੍ਰੰਥ ਸਾਹਿਬ ਦੇ ਸਟੀਕ ਕਰਤਾ ਭਾਈ ਸਾਹਿਬ ਸਿੰਘ, ਕਰਤਾ ਸੰਤ ਅਮਰੀਕ ਸਿੰਘ ਅਤੇ ਕਰਤਾ ਪ੍ਰੋਫੈਸਰ ਜੋਧ ਸਿੰਘ ਜੀ ਦਿੰਦੇ ਹਨ। ਇਸ ਤੋਂ ਸਾਫ ਪਤਾ ਲਗਦਾ ਹੈ ਕਿ ਇਹ ਸ਼ਬਦ ਕਈ ਸਾਲਾਂ ਤੋਂ ਬਤੌਰ ਖ਼ਿਤਾਬ ਬੋਲੇ ਜਾਂਦੇ ਨੇ। ਇਹ ਖਿਤਾਬ **Title** ਏਸੇ ਤਰ੍ਹਾਂ ਮਸ਼ਹੂਰ ਹੋਏ ਕਿ ਪਹਿਲਾਂ ਬਜ਼ੁਰਗਾਂ ਦੇ ਨਾਂ ਨਾਲ, ਫਿਰ ਉਹਨਾਂ ਦੀ ਔਲਾਦ ਦੇ ਨਾਂ ਨਾਲ ਵੀ ਬੋਲੇ ਜਾਣ ਲੱਗੇ। ਵਜਾ 'ਮਹਿਤਓ' ਦਾ ਅਰਥ ਜ਼ਿੰਮੀਦਾਰ ਹੈ, ਔਲਾਦ ਛੋਟੇ-ਛੋਟੇ ਜ਼ਿੰਮੀਦਾਰ ਬਣ ਗਈ। ਪਹਿਲਾਂ ਬੰਦੋਬਸਤ ਜੋ ਪੰਜਾਬ ਵਿਚ ਹੋਇਆ, ਉਸ ਵਿਚ ਸਰਕਾਰੀ ਕਾਗ਼ਜ਼ਾਂ ਵਿਚ ਰਾਜਪੂਤ ਮਹਿਤਓ ਹੀ ਲਿਖਿਆ ਗਿਆ ਸੀ। ਇਸ ਲਈ ਲੋਕ ਇਨ੍ਹਾਂ ਨੂੰ ਰਾਜਪੂਤ ਮਹਿਤੋਂ ਕਹਿੰਦੇ ਸੀ। 15 ਅਗਸਤ, 1947 ਨੂੰ ਹਿੰਦੁਸਤਾਨ ਅਜ਼ਾਦ ਹੋਇਆ ਰਾਜਿਆਂ ਦੇ ਰਾਜ ਅਤ ਜ਼ਿੰਮੀਦਾਰਾਂ ਦੇ ਜ਼ਿੰਮੀਦਾਰੇ ਸਰਕਾਰ ਨੇ ਤੋੜ ਦਿੱਤੇ ਅਤੇ ਮਹਿਤਓ ਵੀ ਜ਼ਿੰਮੀਦਾਰਾਂ ਤੋਂ ਕਿਸਾਨ ਬਣ ਗਏ। ਇਸ ਤੋਂ ਪਹਿਲਾਂ ਜੱਟ ਭਾਈ ਬਹੁਤ ਜਗ੍ਹਾ ਸਾਡੇ ਮਾਰੂਸ ਸਨ ਯਾਨੀ ਅਸੀਂ ਜ਼ਮੀਨ ਦੇ ਮਾਲਕ ਤੇ ਇਹ ਸਾਡੇ ਕਿਸਾਨ ਸਨ। ਗੜ੍ਹਸ਼ੰਕਰ ਦੇ ਇਰਦ-ਗਿਰਦ ਦੇ ਇਲਾਕੇ ਜਿਥੋਂ ਰਾਜਪੂਤ ਮਹਿਤਓ ਮੁਸਲਮਾਨ ਬਣਨ ਤੋਂ ਡਰ ਕੇ ਉਜੜ ਕੇ ਚਲ ਗਏ ਸਨ। ਬਾਕੀ ਜੋ ਨਹੀਂ ਗਏ ਉਹ ਮੁਸਲਮਾਨ ਰਾਜਪੂਤ ਬਣ ਗਏ ਅਤੇ ਉਹ ਜ਼ਮੀਨ ਦੇ ਮਾਲਕ ਅਤੇ ਜੱਟ ਭਾਈ ਉਨ੍ਹਾਂ ਦੇ ਮਾਰੂਸ ਸਨ। ਇਸੇ ਤਰ੍ਹਾਂ ਪਿੰਡ ਮਾਣਕੋ, ਡਰੋਲੀ ਪਿੰਡ ਦਾ ਮਾਰੂਸ ਸੀ ਯਾਨੀ ਇਹ ਮਾਮਲਾ **Revenue** ਪਿੰਡ ਡਰੋਲੀ ਨੂੰ ਅਦਾ ਕਰਦਾ ਸੀ। ਹੁਣ ਕੁਝ ਵਰ੍ਹਿਆਂ ਤੋਂ ਲੋਕ ਜਲਦੀ-ਜਲਦੀ ਬੋਲਣ ਦੇ ਮਾਰੇ ਰਾਜਪੂਤ ਸ਼ਬਦ ਨੂੰ ਛੱਡ ਕੇ ਨਿਰਾ ਮਹਿਤਓ ਹੀ ਕਹਿਣ ਲੱਗ ਪਏ ਹਨ ਪਰ ਇਹ ਨਿਰਾ ਮਹਿਤਓ ਦਾ ਸ਼ਬਦ ਮੂਰਖਾਂ ਦੇ ਹੀ ਮੂੰਹਾਂ ਤੋਂ ਹੀ ਨਿਕਲਦਾ ਸੀ ਜੋ ਜਾਂ ਤਾਂ ਜਲਦੀ ਦੇ ਮਾਰੇ ਇਹ ਸ਼ਬਦ ਕਹਿੰਦੇ ਸਨ ਜਾਂ ਨਾਵਾਕਫ਼ੀ ਦੇ ਸਬੱਬ ਪਰੰਤੂ ਅੱਜ-ਕੱਲ ਇਹ ਮਹਿਤਓ ਸ਼ਬਦ ਐਸਾ ਲੋਕਾਂ ਦੇ ਮੂੰਹਾਂ ਉੱਤੇ ਚੜ੍ਹ ਗਿਆ ਹੈ ਕਿ ਬਹੁਤ ਸਾਰੇ ਲੋਕ ਬਿਨਾਂ ਵਿਚਾਰੇ ਹੀ ਮਹਿਤਓ ਹੀ ਕਹਿਣ ਲੱਗ ਪਏ ਹਨ। ਸਿਆਣੇ ਲੋਕ ਤਾਂ ਅੱਜ ਤਾਂਈਂ ਭੀ ਅੱਬਲ ਤਾਂ ਆਪਣੀ ਜਾਤੀ ਨੂੰ ਖਾਲੀ ਰਾਜਪੂਤ ਹੀ ਦੱਸਣਗੇ ਜਾਂ ਰਾਜਪੂਤ ਮਹਿਤਓ ਕਹਿਣਗੇ ਪਰੰਤੂ ਅਨਜਾਣ ਲੋਕ ਤਾਂ ਨਿਰਾ ਮਹਿਤਓ ਹੀ ਬੋਲ ਦਿੰਦੇ ਹਨ। ਜਦ ਤੋਂ ਇਹ ਮਹਿਤਓ ਦਾ ਸ਼ਬਦ ਮਸ਼ਹੂਰ ਹੋਇਆ ਹੈ ਤਦ ਤੋਂ ਅਕਸਰ ਦੂਸਰੀ ਕੌਮ ਦਾ ਪੁਰਸ਼ ਜੋ ਦੂਰ ਦੇ ਫਾਸਲੇ ਤੇ ਰਹਿਣ ਵਾਲਾ ਹੁੰਦਾ ਹੈ ਅਤੇ ਉਹ ਇਸ ਦੀ ਅਸਲੀਅਤ ਨੂੰ ਨਾ ਜਾਨਣ ਕਰਕੇ ਸੰਦੇਹ ਕਰ ਬੈਠਦਾ ਹੈ ਕਿ ਭਈ ਇਹ ਮਹਿਤਓ ਜਾਤ ਕੀ ਹੁੰਦੀ ਹੈ ? ਇਹ ਤਾਂ ਚੌਂਹਾਂ ਵਰਣਾ ਤੋਂ ਨਿਆਰੀ



ਹੀ ਪ੍ਰਤੀਤ ਹੁੰਦੀ ਹੈ, ਉਸ ਨੂੰ ਕੋਈ ਬੁੱਧੀਵਾਨ ਚੰਗੀ ਤਰ੍ਹਾਂ ਸਮਝਾ ਦੇਵੇ ਤਾਂ ਠੀਕ; ਨਹੀਂ ਤਾਂ ਉਸ ਦਾ ਸੰਦੇਸ਼ ਉਸੇ ਤਰ੍ਹਾਂ ਹੀ ਬਣਿਆ ਰਹਿੰਦਾ। ਇਸ ਤੋਂ ਬਿਨਾਂ ਇਸ ਨਿਰੇ ਮਹਿਤਓ ਦੇ ਸ਼ਬਦ ਨੇ ਇਸ ਕੌਮ ਦਾ ਹੋਰ ਵੀ ਬੜਾ ਭਾਰੀ ਨੁਕਸਾਨ ਕੀਤਾ ਹੈ। ਇਹ ਗੱਲ 1870 ਦੇ ਕਰੀਬ ਦੀ ਹੈ ਕਿ ਇਸ ਕੌਮ ਨੂੰ 8-10 ਸਾਲਾਂ ਤਾਂਈਂ ਅੰਗਰੇਜ਼ ਸਰਕਾਰ ਦੀਆਂ ਫੌਜਾਂ ਵਿਚ ਨਾ ਤਾ ਨੌਕਰੀ ਮਿਲੀ ਅਤੇ ਨਾ ਹੀ ਇਸ ਕੌਮ ਦੇ ਲਾਇਕ ਆਦਮੀਆਂ ਨੂੰ ਤਰੱਕੀ ਮਿਲੀ।

ਬਾਜੇ ਹੌਲਦਾਰਾਂ ਤੇ ਦਫੇਦਾਰਾਂ ਨੂੰ ਜਿਨ੍ਹਾਂ ਦੇ ਨੰਬਰ ਸਰਦਾਰੀ ਮਿਲਣੇ ਦੇ ਸਨ ਨਹੀਂ ਮਿਲੇ ਅਤੇ ਉਨ੍ਹਾਂ ਦੇ ਹੱਕ ਮਾਰੇ ਗਏ। ਸਬੱਬ ਉਸਦਾ ਇਹ ਸੀ ਕਿ ਇਹ ਲੋਕ ਇਕ ਤਾਂ ਉਮੰਦਾ ਖ਼ੂਬਸੂਰਤ ਜਵਾਨ ਹੁੰਦੇ ਹਨ ਦੂਸਰੇ ਪਰਮਾਤਮਾ ਦੀ ਕਿਰਪਾ ਕਰਕੇ ਕੁਝ ਹੁਸ਼ਿਆਰ ਤੇ ਲਿਆਕਤ ਵਾਲੇ ਵੀ ਹੁੰਦੇ ਹਨ ਅਤੇ ਤੀਸਰੇ ਬਹਾਦਰ, ਹੌਂਸਲੇ ਵਾਲੇ ਅਤੇ ਮਿਹਨਤੀ ਭੀ ਅਕਸਰ ਹੁੰਦੇ ਹਨ। ਸੋ, ਇਨ੍ਹਾਂ ਉਪਰਲੀਆਂ ਖ਼ੂਬੀਆਂ ਕਰਕੇ ਫੌਜਾਂ ਦੇ ਅੰਗਰੇਜ਼ ਕਮਾਨ ਅਫ਼ਸਰ ਇਸ ਕੌਮ ਦੇ ਕਾਬਿਲ ਅਤੇ ਲਾਇਕ ਆਦਮੀਆਂ ਨੂੰ ਸੂਬੇਦਾਰੀ ਆਦਿ ਅਹੁਦਿਆਂ ਦੀਆਂ ਵੱਡੀਆਂ-ਵੱਡੀਆਂ ਤਰੱਕੀਆਂ ਦੇਣ ਲੱਗ ਪਏ ਸਨ ਪਰ ਇਹ ਗੱਲ ਕੁਝ ਜੱਟ ਸਿੱਖਾਂ ਨੂੰ ਚੰਗੀ ਨਾ ਲੱਗੀ। ਸੋ, ਈਰਖਾ ਤੇ ਦਵੈਸ਼ਭਾਉ ਕਰਕੇ ਉਨ੍ਹਾਂ ਨੇ ਅੰਗਰੇਜ਼ ਅਫ਼ਸਰਾਂ ਦੇ ਦਿਲਾਂ ਵਿੱਚ ਇਹ ਸ਼ੱਕ ਪਾ ਦਿੱਤਾ ਕਿ ਇਹ ਜੋ ਮਹਿਤਓ ਸਿੱਖ ਲੋਕ ਹਨ, ਇਹ ਛੋਟੀ ਜਾਤ ਵਾਲੇ ਹਨ ਇਸ ਲਈ ਇਨ੍ਹਾਂ ਨੂੰ ਸਰਦਾਰੀ ਦੇ ਅਹੁਦੇ ਨਹੀਂ ਮਿਲਣੇ ਚਾਹੀਦੇ। ਇਹ ਲੋਕ ਉਸ ਕੌਮ ਨਾਲ ਮਿਲਦੇ ਹਨ ਜੋ 'ਮਹਤਮ' ਨਾਮ ਕਰਕੇ ਭੋਲਿਆ ਜਾਂਦਾ ਹੈ। ਉਸ ਮਹਿਤਮ ਕੌਮ ਵਾਲੇ ਅਕਸਰ ਰਾਵੀ ਆਦਿਕ ਦਰਿਆਵਾਂ ਦੇ ਕਿਨਾਰਿਆਂ ਉੱਤੇ ਰਹਿ ਕੇ ਸਿਰਕੀਆਂ ਦੇ ਘਰ ਬਣਾ ਕੇ ਗੁਜ਼ਾਰਾ ਕਰਦੇ ਹਨ ਅਤੇ ਵਾਣ ਵਟਦੇ ਹਨ। ਇਹ ਗੱਲ ਇਕ ਪਲਟਨ ਵਿਚ ਹੋਈ; ਹੁੰਦੀ-ਹੁੰਦੀ 2-4 ਪਲਟਨਾਂ ਵਿਚ ਹੋ ਗਈ, ਇਸੇ ਤਰ੍ਹਾਂ ਰੌਲਾ ਪੈ ਗਿਆ। ਅਫ਼ਸਰਾਂ ਨੇ ਵੀ ਸੁਣ ਕੇ ਯਕੀਨ ਕਰ ਲਿਆ ਅਤੇ ਇਸ ਕੌਮ ਦੀ ਤਰੱਕੀ ਤੇ ਭਰਤੀ ਬੰਦ ਕਰ ਦਿੱਤੀ। ਪਿਛੋਂ ਕਮਾਂਡਰ-ਇਨ-ਚੀਫ਼ ਅਰਥਾਤ ਜੰਗੀ ਲਾਟ ਸਾਹਿਬ ਬਹਾਦਰ ਹਿੰਦੁਸਤਾਨ ਕੋਲ ਸ਼ਿਕਾਇਤ ਕਰਨ ਤੇ ਉਨ੍ਹਾਂ ਦੋ ਅੰਗਰੇਜ਼ ਅਫ਼ਸਰਾਂ ਨੂੰ ਥਾਣਾ ਆਦਮਪੁਰ ਜ਼ਿਲ੍ਹਾ ਜਲੰਧਰ ਭੇਜਿਆ ਅਤੇ ਦੋਹਾਂ ਅੰਗਰੇਜ਼ ਅਫ਼ਸਰਾਂ ਨੇ ਸਮੁੱਚੇ ਮਾਮਲੇ ਦੀ ਤਹਿ ਤਕ ਜਾ ਕੇ ਰਿਪੋਰਟ ਦਿੱਤੀ ਕਿ ਉਪਰਲਾ ਝੂਠਾ ਇਲਜ਼ਾਮ, ਜੋ ਦੂਸਰੀ ਕੌਮ ਦੇ ਨਾਲ ਸਬੰਧਤ ਜੱਟਾਂ ਨੇ ਲਗਾਇਆ ਹੈ ਉਹ ਈਰਖਾ ਦਾ ਸਬੱਬ ਮਾਲੂਮ ਹੈ ਅਤੇ ਮਹਿਤਓ ਅਸਲ ਵਿਚ ਰਾਜਪੂਤ ਹਨ ਅਤੇ ਇਹ ਇੱਜ਼ਤਦਾਰ ਕੌਮ ਹੈ। ਇਸ ਰਿਪੋਰਟ ਤੋਂ ਬਾਅਦ ਫਿਰ ਪਹਿਲਾਂ ਦੀ ਤਰ੍ਹਾਂ ਇਸ ਕੌਮ ਦੀ ਭਰਤੀ ਤੇ ਤਰੱਕੀ ਹੋਣ ਲੱਗ ਪਈ। ਦੋ ਪਲਟਣਾਂ ਖਾਸ ਕਰਕੇ ਬੰਬਈ ਕੋਰ 24 ਤੇ 26 ਨੰਬਰ ਵਿਚ ਇਸ ਕੌਮ ਦੀ ਭਰਤੀ ਲਈ ਹੀ ਮੁਕੱਰਰ ਕੀਤੀ ਗਈ। ਪੰਜਾਬ ਤੇ ਬੰਗਾਲ ਵਿਚ ਪਹਿਲਾਂ ਵਾਂਗ ਭਰਤੀ ਹੁੰਦੀ ਰਹੀ ਅਤੇ ਜੱਟ ਸਿੱਖ ਲੋਕਾਂ ਦੀਆਂ ਕੰਪਨੀਆਂ ਵਿਚ ਵੀ ਇਸ ਕੌਮ ਦੀ ਭਰਤੀ ਹੋਣ ਲੱਗ ਪਈ। ਇਹ ਥੋੜ੍ਹਾ ਜਿਹਾ ਹਾਲ ਮਹਿਤਓ ਸ਼ਬਦ ਦਾ ਪਰਗਟ ਕੀਤਾ ਗਿਆ ਹੈ। ਉਮੀਦ ਹੈ ਕਿ ਇਸ ਨਾਲ ਜਿਥੇ ਪਾਠਕਾਂ ਦੀ ਜਾਣਕਾਰੀ 'ਚ ਵਾਧਾ ਹੋਵੇਗਾ ਉਥੇ ਦੂਸਰੇ ਲੋਕਾਂ ਦੇ ਸ਼ੰਕੇ ਵੀ ਦੂਰ ਹੋਣਗੇ।

ਇਹ ਰਾਜਪੂਤ ਮਹਿਤਓ ਕੌਮ ਦੁਆਬੇ ਵਿਚ ਜਲੰਧਰ, ਹੁਸ਼ਿਆਰਪੁਰ ਤੇ ਕਪੂਰਥਲਾ ਜ਼ਿਲ੍ਹਿਆਂ ਵਿੱਚ, ਕਿਤੇ-ਕਿਤੇ ਮਾਲਵੇ ਵਿੱਚ, ਫਿਰੋਜ਼ਪੁਰ, ਅੰਬਾਲਾ, ਪਟਿਆਲਾ, ਨਾਭਾ ਤੇ ਫਰੀਦਕੋਟ ਆਦਿ ਇਲਾਕਿਆਂ ਵਿਚ ਵਸ ਰਹੀ ਹੈ। ਇਸ ਕੌਮ ਨਾਲ ਸਬੰਧਤ ਕੁਝ ਪਿੰਡਾਂ ਦਾ ਵੇਰਵਾ ਹੇਠ ਅਨੁਸਾਰ ਹੈ :—

## ਜ਼ਿਲ੍ਹੇਵਾਰ ਪਿੰਡਾਂ ਦੇ ਨਾਂ

ਜ਼ਿਲ੍ਹਾ ਜਲੰਧਰ   ਬੜੀ ਡਰੋਲੀ, ਛੋਟੀ ਡਰੋਲੀ, ਪਧਿਆਣਾ, ਡਮੁੰਡਾ, ਕਾਲਰਾ, ਛੁਕਆਰੇ, ਘਡਆਲ ਰੀਲੇ. ਰਾਮਪੁਰ ਕਰਨਾਨਾ, ਸਾਲੋਂ, ਸਰਾਲ ਮੁੜੀ, ਪੰਡੋਰੀ ਅਤੇ ਬੰਗੇ°

ਜ਼ਿਲ੍ਹਾ ਹੁਸ਼ਿਆਰਪੁਰ   ਜਨੋਹਾ, ਨਾਡਾਓਲੋ, ਪੰਜੜ, ਬੜੋਂ, ਡਾਂਡੀਆਂ, ਨੰਗਲਾਂ, ਠਿੰਡਲਾਂ, ਜਲਵੇੜ, ਕੂਕੋਵਾਲ, ਭੂੰਗਰਨੀ°, ਦਿਹਾਣਾ°, ਪੁਰਾਣਾ ਠੱਕਰਵਾਲ ਭਾਮ, ਜਾਂਗਨੀਵਾਲ, ਧੱਪੜ, ਦੁਲਹਰ ਪਾਲਦੀ, ਬਿਝੋਂ, ਬੋਹਣ°, ਚਗਰ ਅਤੇ ਮਹਿਤਪੁਰ

ਜ਼ਿਲ੍ਹਾ ਫ਼ਰੀਦਕੋਟ   ਸੰਗਤਪੁਰਾ°, ਭਾਈ ਕੀ ਸਮਾਧ°, ਕੋਟ ਈਸਾ ਖਾਂ°, ਰਨੀਆ° ਢੋਲਨ°, ਕੋਟਕਪੂਰਾ° ਅਤੇ ਜੀਉਨਵਾਲ

ਜ਼ਿਲ੍ਹਾ ਸੰਗਰੂਰ—ਦਿਆਲਪੁਰ°, ਮਾਜਰੀ°, ਖਨਆਣ, ਮਾਜਰਾ ਮਨਾ ਸਿੰਘ ਵਾਲਾ°, ਮਾਜਰੀ ਕਿਸ਼ਨ ਸਿੰਘ ਵਾਲੀ° ਅਤੇ ਜਸੂ ਮਾਜਰਾ°

ਜ਼ਿਲ੍ਹਾ ਕਪੂਰਥਲਾ   ਪਾਂਛਟਾ, ਨਰੂਰ, ਮਾਏਪੁਰ/ਮਾਏਪੱਟੀ, ਨਵਾਂ ਠੱਕਰਵਾਲ, ਖੁਰਮਪੁਰ°

ਜ਼ਿਲ੍ਹਾ ਪਟਿਆਲਾ – ਬਹਾਦਰਗੜ੍ਹ

ਜ਼ਿਲ੍ਹਾ ਅੰਬਾਲਾ—ਪੰਜੇਟਾ

ਉਕਤ ਪਿੰਡਾਂ ਵਿਚੋਂ (°) ਨਿਸ਼ਾਨ ਵਾਲੇ ਪਿੰਡਾਂ ਵਿਚ ਤਾਂ ਇਸ ਕੌਮ ਦੇ ਲੋਕਾਂ ਦਾ ਹਿੱਸਾ ਹੈ। ਬਾਕੀ ਸਾਰੇ ਪਿੰਡ ਇਸੇ ਕੌਮ ਹੀ ਮਲਕੀਅਤ ਹਨ। ਇਹਨਾਂ ਸਭਨਾਂ ਪਿੰਡਾਂ ਦਾ ਜ਼ਿੰਮੀਦਾਰਾ ਵੀ ਇਸੇ ਕੌਮ ਦੇ ਲੋਕਾਂ ਹੈ ਅਤੇ ਇਹ ਮਾਮਲਾ ਸਰਕਾਰ ਨੂੰ ਭਰਦੇ ਹਨ। ਸਰਦਾਰਾਂ ਅਤ ਜਗੀਰਦਾਰਾਂ ਤੋਂ ਇਲਾਵਾ ਇਸ ਕੌਮ ਦੇ ਤਿੰਨ ਜ਼ੈਲਦਾਰ ਵੀ ਹਨ, ਇਨ੍ਹਾਂ ਸਰਦਾਰਾਂ ਤੇ ਜਾਗੀਰਦਾਰਾਂ ਨੂੰ ਜਗੀਰਾਂ ਬਾਦਸ਼ਾਹਾਂ ਜ ਮਹਾਰਾਜਾ ਰਣਜੀਤ ਸਿੰਘ ਦੇ ਜ਼ਮਾਨੇ ਦੀਆਂ ਮਿਲੀਆਂ ਹੋਈਆਂ ਹਨ। ਇਸ ਤੋਂ ਇਲਾਵਾ ਹਰ ਪਿੰਡ ਦੀ ਨੰਬਰਦਾਰੀ ਤੇ ਸੁਫੈਦਪੋਸ਼ੀ ਦਾ ਅਹੁਦਾ-ਗੀ ਸਰਕਾਰ ਦੀ ਤਰਫੋਂ ਪਿੰਡਾਂ ਵਿਚ ਹੁੰਦਾ ਹੈ ਜੋ ਇਸੇ ਕੌਮ ਦੇ ਲੋਕਾਂ ਨੂੰ ਬਣਦੇ ਹੱਕ ਅਨੁਸਾਰ ਮਿਲਿਆ ਹੋਇਆ ਹੈ। ਇਹਨਾਂ ਪਿੰਡਾਂ ਵਿਚ ਜੋ ਦੂਸਰੀ ਕੌਮ ਦੇ ਲੋਕ ਭਾਵ ਬ੍ਰਾਹਮਣ, ਬਾਣੀਏ, ਲੁਹਾਰ, ਤਰਖਾਣ ਆਦਿਕ ਰਹਿੰਦੇ ਹਨ, ਉਨ੍ਹਾਂ ਦਾ ਪਿੰਡਾਂ ਵਿਚ ਜ਼ਿੰਮੀਦਾਰਾ ਨਹੀਂ ਹੈ।



## ਗੋਤਾਂ ਦੇ ਨਾਂ

ਇਸ ਕੌਮ ਵਿਚ ਹੇਠਾਂ ਲਿਖੇ ਗੋਤਾਂ ਦੇ ਰਾਜਪੂਤ ਸ਼ਾਮਲ ਹਨ :—

ਮਲਨਹਾਸ / ਮਿਨਹਾਸ / ਮੈਨਹਾਸ ਇਹ ਇਕ ਹੀ ਗੋਤ ਹੈ। ਭਾਟੀ ਅਤੇ ਭਟੀ, ਜਸਵਾਲ, ਪਰਹਾਰ/ਪਰੀਹਾਰ; ਪੁਆਰ ਚੋਹਾਨ, ਪਰਮਾਰ, ਭੈਲ ਪਰਮਾਰ, ਤੂਰ, ਮੰਜ; ਕਰੋਦ, ਡੋਤ, ਡਿਉਡ, ਖਰਵੰਦੇ, ਸਰੋਏ, ਲੁਡੂ, ਨਾਰਾ/ਨਾਰੂ, ਖੁਥਨ, ਸਰੋਲੇ, ਜੰਜੂਏ ਆਦਿ।

ਕਈ ਗੋਤਾਂ ਦੀ ਆਬਾਦੀ ਘੱਟ ਹੈ, ਉਸ ਦਾ ਕਾਰਨ ਮੁਸਲਮਾਨ ਹਾਕਮਾਂ ਵਲੋਂ ਜਬਰੀ ਮੁਸਲਮਾਨ ਬਣਾਉਣਾ ਹੈ। ਬਹੁਤ ਸਾਰੇ ਵੀਰਾਂ, ਨੇ ਧਰਮ ਨਹੀਂ ਛੱਡਿਆ ਬਲਕਿ ਘਰ ਬਾਰ ਛੱਡ ਕੇ ਦੂਸਰੇ ਪਿੰਡਾਂ ਵਿਚ ਜਾ ਵਸੇ। ਬਹਾਦਰਗੜ੍ਹ, ਭੂੰਗਰਨੀ ਤੇ ਪੰਜੇਟਾ ਪਿੰਡਾਂ ਦੇ ਮਿਨਹਾਸ ਭਾਈ, ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਜਗੀਰਾਂ ਪ੍ਰਾਪਤ ਕਰਕੇ ਭਦਆਣਾ ਪਿੰਡ ਤੋਂ ਆਏ ਹੋਏ ਹਨ। ਇਸੇ ਹੀ ਤਰ੍ਹਾਂ 'ਸਰੋਏ' ਪਿੰਡ ਚੁਖਆਰਾ ਛੱਡ ਕੇ ਜਗੀਰਾਂ ਪ੍ਰਾਪਤ ਕਰਕੇ ਭੂੰਗਰਨੀ, ਦੇਹਾਣਾ, ਬੁਹਣ ਜੀਵਨ ਵਾਲ ਆਦਿ ਪਿੰਡਾਂ ਵਿੱਚ ਜਾ ਵਸੇ।

ਪਿੰਡ ਕਹਨੌੜਾ, ਜ਼ਿਲ੍ਹਾ ਹੁਸ਼ਿਆਰਪੁਰ ਦੇ ਨਾਰਾ ਜਾਂ ਨਾਰੂ ਗੋਤ ਦੇ ਰਾਜਪੂਤ ਜੋ ਮੁਸਲਮਾਨ ਨਹੀਂ ਬਣੇ ਮਾਲਵੇ ਦੇ ਰਨੀਆ ਆਦਿ ਪਿੰਡਾਂ 'ਚ ਚਲੇ ਗਏ। ਰਨੀਆ ਪਿੰਡ ਦਾ ਮੇਜਰ ਵਰਿਆਮ ਸਿੰਘ ਨਾਰਾ ਮਸ਼ਹੂਰ ਹੈ, ਜਿਸ ਨੇ 1932 ਅੰਦਰ ਰਿਆਸਤ ਕਸ਼ਮੀਰ ਦੀਆਂ ਪਲਟਨਾਂ, ਫੌਜਾਂ ਦੀ ਭਰਤੀ ਕੀਤੀ ਅਤੇ ਉਹਨਾਂ ਦੇ ਕਮਾਂਡਿੰਗ ਵੀ ਰਹੇ। ਪਹਿਲਾਂ ਇਹ ਪੰਜਾਬ ਪਲਟਨ 74 ਵਿਚ ਮੇਜਰ ਸਨ। ਮਿਨਹਾਸ ਗੋਤ ਦੇ ਬਹੁਤੇ ਰਾਜਪੂਤ ਜੰਮੂ ਨਜ਼ਦੀਕ ਰਿਆਸਤ ਕਸ਼ਮੀਰ ਵਿਚ ਰਹਿੰਦੇ ਹਨ। ਜੈਪੁਰ (ਰਾਜਸਥਾਨ) ਵਿਚ ਮਿਨਹਾਸ ਗੋਤ ਨੂੰ ਮਾਨਵੇ ਗੋਤ ਵਜੋਂ ਸੱਦਿਆ ਜਾਂਦਾ ਹੈ।

ਜ਼ਿਲ੍ਹਾ ਜਲੰਧਰ ਦੇ ਬੜੀ ਡਰੋਲੀ, ਛੋਟੀ ਡਰੋਲੀ, ਪਧਿਆਣਾ, ਡਮੁੰਡਾ ਅਤੇ ਹੁਸ਼ਿਆਰਪੁਰ ਇਲਾਕੇ ਦਾ ਪਿੰਡ ਪਾਲਦੀ; ਇਹ ਪੰਜੇ ਪਿੰਡ ਮਿਨਹਾਸ ਗੋਤ ਦੇ ਰਾਜਪੂਤਾਂ ਦੇ ਹੀ ਹਨ। ਦੂਸਰੀਆਂ ਗੋਤਾਂ ਦਾ ਇਨ੍ਹਾਂ ਪਿੰਡਾਂ ਵਿਚ ਇਕ-ਅੱਧਾ ਹੀ ਘਰ ਹੈ। ਇਹਨਾਂ ਪੰਜਾਂ ਪਿੰਡਾਂ ਵਿਚ ਰਾਜਪੂਤ ਰਾਜੇ ਧੁੰਧ ਮਾਰ ਦੇ ਪੁੱਤਰ ਬਾਬਾ ਰੱਤੀ ਜੀ ਦੀ ਸੰਤਾਨ ਰਹਿੰਦੀ ਹੈ। ਕਹਿੰਦੇ ਹਨ ਕਿ ਰਾਜਾ ਧੁੰਧ ਮਾਰ ਅਯੁਧਿਆ ਜੀ ਤੋਂ ਆ ਕੇ ਜੰਮੂ ਵਿਚ ਠਹਿਰ ਗਿਆ ਸੀ ਅਤੇ ਉਥੇ ਦਾ ਹੀ ਵਾਸੀ ਹੋ ਗਿਆ। ਫਿਰ ਕੁਝ ਅਰਸੇ ਬਾਅਦ ਇਸ ਦੇ ਕੁਝ ਕੁ ਖਾਨਦਾਨ ਨੂੰ ਛੱਡ ਕੇ ਇਹ ਸਾਰੇ ਹਾਲੇਟਾ; ਰਾਜਪੁਰ ਭਾਈਆਂ ਜ਼ਿਲ੍ਹਾ ਹੁਸ਼ਿਆਰਪੁਰ ਆ ਵਸੇ। ਰਾਜਾ ਧੁੰਧ ਮਾਰ ਦੇ ਪੰਜ ਪੁੱਤਰ ਸਨ, ਜਿਨ੍ਹਾਂ ਵਿਚੋਂ ਬਾਬਾ ਮਤੀ ਅਤੇ ਬਾਬਾ ਰਤੀ ਜੀ ਹਾਲਟੇ ਰਾਜਪੁਰ ਭਾਈਆਂ ਆ ਵਸੇ ਸਨ। ਬਾਬਾ ਮਤੀ ਜੀ ਦੀ ਸ਼ਾਦੀ ਇੱਟਾਂ ਬੱਧੀ ਪਿੰਡ ਜੋ ਕਿ ਸ਼ਾਮ ਚੌਰਾਸੀ ਅਤੇ ਆਦਮਪੁਰ ਦੇ ਦਰਮਿਆਨ ਹੈ, ਵਿੱਚ ਹੋ ਰਹੀ ਸੀ ਤਾਂ ਇਕ ਬ੍ਰਾਹਮਣ ਬੁੱਢੀ ਨੇ ਆ ਕੇ

ਬੇਨਤੀ ਕੀਤੀ ਕਿ ਮਤੀ ਜੀ ਤੁਸੀਂ ਤਾਂ ਵਿਆਹ ਦੀਆਂ ਰਸਮਾਂ ਵਿਚ ਮਸਤ ਹੋ ਤੇ ਉਧਰ ਮੁਸਲਮਾਨ ਮੇਰੀਆਂ ਗਊਆਂ ਖੋਹ ਕੇ ਲੈ ਗਏ ਹਨ। ਤੁਹਾਡੇ ਬਿਨਾਂ ਉਨ੍ਹਾਂ ਗਊਆਂ ਦੀ ਰਖਿਆ ਕੌਣ ਕਰੇਗਾ ? ਏਨਾ ਸੁਣਦਿਆਂ ਹੀ ਬਾਬਾ ਮਤੀ ਜੀ ਉਠ ਖਲੋਤੇ ਅਤੇ ਆਪਣੇ ਭਾਈ ਰਤੀ ਜੀ ਨੂੰ ਨਾਲ ਲੈ ਕੇ ਹਥਿਆਰਬੰਦ ਹੋ ਕੇ ਅਤੇ ਕੁਝ ਹੋਰ ਆਦਮੀਆਂ ਨੂੰ ਨਾਲ ਲੈ ਕੇ ਗਊਆਂ ਨੂੰ ਤਲਾਸ਼ ਕਰਨ ਲਈ ਚਲ ਪਏ ਅਤੇ ਜਲੰਧਰ ਦੇ ਇਲਾਕੇ ਡਰੋਲੀ ਗਿਰਦ ਵਿਚ ਘਮਾਸਾਨ ਲੜਾਈ ਪਿਛੋਂ ਗਊਆਂ ਤਾਂ ਮੁਸਲਮਾਨਾਂ ਨੂੰ ਮਾਰ ਕੇ ਲੈ ਲਈਆਂ ਪਰੰਤੂ ਬਾਬਾ ਮਤੀ ਜੀ ਇਸ ਲੜਾਈ ਵਿੱਚ ਸ਼ਹੀਦ ਹੋ ਗਏ। ਬੜੀ ਡਰੋਲੀ ਵਿਚ ਬਾਬਾ ਮਤੀ ਜੀ ਦੀ ਸਮਾਧ ਮੌਜੂਦ ਹੈ। ਉਸ ਸਮਾਧ ਦੇ ਲਾਗੇ ਇਕ ਤਲਾਬ ਵੀ ਹੈ, ਜੋ ਬਾਬਾ ਮਤੀ ਜੀ ਦਾ ਤਲਾਬ ਕਹਾਉਂਦਾ ਹੈ, ਇਥੇ ਵੈਸਾਖੀ ਨੂੰ ਮੇਲਾ ਵੀ ਲਗਦਾ ਹੈ। ਇਸ ਯੁਧ ਤੋਂ ਬਾਅਦ ਬਾਬਾ ਰਤੀ ਜੀ ਇਥੇ ਹੀ ਰਹਿਣ ਲੱਗ ਪਏ ਉਕਤ ਪੰਜੇ ਪਿੰਡ ਬਾਬਾ ਰਤੀ ਜੀ ਨੇ ਹੀ ਵਸਾਏ ਸਨ।

ਇਸੇ ਤਰ੍ਹਾਂ ਹੋਰ ਰਾਜਪੂਤ ਗੋਤਾਂ ਦੇ ਬਜ਼ੁਰਗ ਲੋਕ ਵੀ ਇਸ ਇਲਾਕੇ ਵਿਚ ਆ ਕੇ ਵਸ ਗਏ ਸਨ, ਜਿਨ੍ਹਾਂ ਦੀ ਸੰਤਾਨ ਅੱਜ ਵੀ ਇਨ੍ਹਾਂ ਪਿੰਡਾਂ ਵਿਚ ਵਿਦਮਾਨ ਹੈ। ਇਨ੍ਹਾਂ ਰਾਜਪੂਤਾਂ ਦੀ ਜੋ ਪਹਿਲਾਂ ਸ਼ਾਨੋ-ਸ਼ੌਕਤ ਸੀ, ਉਸ ਨੂੰ ਉਸ ਸਮੇਂ ਲੋਕ ਚੰਗੀ ਤਰ੍ਹਾਂ ਜਾਣਦੇ ਸਨ। ਇਹ ਵੱਖਰੀ ਗੱਲ ਹੈ ਕਿ ਅੱਜ ਕੱਲ੍ਹ ਦੇ ਆਮ ਆਦਮੀ ਨੂੰ ਇਸ ਬਾਰੇ ਬਹੁਤੀ ਜਾਣਕਾਰੀ ਨਹੀਂ ਹੈ। ਡਾ: ਬਖਸ਼ੀਸ਼ ਸਿੰਘ ਨਿੱਝਰ ਜੀ ਦਾ **Article** ਇਸ ਦੀ ਤਾਜ਼ਾ ਮਿਸਾਲ ਹੈ, ਜਿਸ ਬਾਰੇ ਮੈਂ ਜੋ ਪਹਿਲਾਂ ਲਿਖ ਚੁਕਾ ਹਾਂ, ਉਸਦੀ ਪੁਸ਼ਟੀ ਕਰਦਾ ਹੈ। ਜੋ ਉਨ੍ਹਾਂ ਨੇ ਕੁਝ ਆਪਣੇ ਪਾਸੋਂ ਅਤੇ ਕੁਝ ਰਿਕਾਰਡ ਵਿਚੋਂ ਵੇਖ ਕੇ ਲਿਖਿਆ ਹੈ। ਪਰ ਡਾ: ਨਿੱਝਰ ਜੀ ਨੇ ਖੁਦ **Article** ਦੇ ਪਹਿਲੇ ਅਤੇ ਆਖਰੀ ਪੈਹਰੇ ਅੰਦਰ ਲਿਖਿਆ ਹੈ ਕਿ ਮੈਂ ਇਸ ਲਿਖਤ ਨਾਲ ਸਹਿਮਤ ਨਹੀਂ। ਡਾ: ਸਾਹਿਬ ਮਹਿਤਓਂ ਸ਼ਬਦ ਨੂੰ ਲਲ ਸਮਝਦੇ ਹਨ। ਅਸੀਂ ਉਨ੍ਹਾਂ ਨਾਲ ਪੱਤਰ-ਵਿਹਾਰ ਕੀਤਾ ਅਤੇ ਉਸ ਪਿਛੋਂ ਜੋ ਉਨ੍ਹਾਂ ਸਿੱਟਾ ਕੱਢਿਆ, ਉਸ ਅਨੁਸਾਰ ਉਹ ਸਾਡੀ ਲਿਖਤ ਨੂੰ ਠੀਕ ਅਤੇ ਆਪਣੀ ਨੂੰ ਗਲਤ ਮੰਨਦੇ ਹਨ। ਉਨ੍ਹਾਂ ਦੇ ਦੋਵੇਂ ਖ਼ਤ ਅਸੀਂ ਅਗੇ ਹੂ-ਬ-ਹੂ ਪੇਸ਼ ਕਰ ਰਹੇ ਹਾਂ। ਨਿੱਝਰ ਸਾਹਿਬ ਦਾ ਪਿੰਡ ਡਮੇਲੀ ਹੈ ਅਤੇ ਉਹ ਖਾਲਸਾ ਹਾਈ ਸਕੂਲ, ਕਾਲਰਾ ਦੇ ਵਿਦਿਆਰਥੀ ਰਹੇ ਹਨ।

September 28, 1992

ਪਿਆਰੇ ਤੇ ਮਾਨਯੋਗ ਮਿਨਹਾਸ ਸਾਹਿਬ ਜੀ,

ਫਤਹਿ ! ਪੱਤਰ ਮਿਲਿਆ, ਧੰਨਵਾਦ !

ਮੈਨੂੰ ਕੋਈ ਨ ਮਿਲਿਆ ਮੈਂ ਭਾਲ ਥੱਕੀ,
ਜਿਹੜਾ ਜੀਓ ਦਾ ਰੋਗ ਗੁਆਉਂਦਾ ਈ। (ਵਾਰਿਸ ਸ਼ਾਹ)

ਜੋ ਆਪ ਜੀ ਨੇ ਮਹਿਤਓ ਰਾਜਪੂਤਾਂ ਦੇ ਇਤਿਹਾਸ ਦੇ ਤੱਥ ਦਿੱਤੇ ਹਨ, ਉਹ ਬਿਲਕੁਲ



ਸੌ ਫੀਸਦੀ ਠੀਕ ਹਨ। ਖੋਜੀਆਂ ਲਈ ਅੱਗੇ ਤੁਰਨ ਲਈ ਇਹੋ ਜਿਹੇ ਤੱਥ ਪਗਡੰਡੀਆਂ ਹੁੰਦੀਆਂ ਹਨ। ਮੈਂ ਮਜਬੂਰ ਸਾਂ ਮੇਰਾ ਹੱਥ ਕਿਸੇ ਪੌੜੀ ਦੇ ਡੰਡੇ ਨੂੰ ਪੈਂਦਾ ਨਹੀਂ ਸੀ। ਹਾਏ, ਕਿਤੇ ਲਾਹੌਰ ਆਪਾਂ ਪਾਸ ਹੁੰਦਾ ਤਾਂ ਸਮੇਂ ਸਮੇਂ ਸਿਰ ਚਲੇ ਵਾਦ-ਵਿਵਾਦ ਦੀ ਸਮੱਗਰੀ ਵਿਚੋਂ ਕੁਝ ਮੋਤੀ ਲੱਭ ਸਕਦੇ ਸਨ ਉਸ ਸਮੇਂ ਸ: ਸੰਤ ਸਿੰਘ ਮਿਨਹਾਸ, **PCS Retd.** ਮੇਰੇ ਪਾਸ ਹੀ ਸਨ ਤੇ ਦਰਅਸਲ ਬਹੁਤ ਕੁਝ ਉਨ੍ਹਾਂ ਦੀ ਜਾਣ ਬੁਝਦਾ ਵੀ ਇਸ ਲੇਖ ਵਿੱਚ ਹਿੱਸਾ ਸੀ। ਇਕ ਨੇਕ-ਨਫ਼ਸ ਤੇ ਨੇਹ-ਕਲੰਕ ਬੰਦਾ ਬਹੁਤ ਕਝ ਨਾ ਦੇ ਸਕਿਆ। ਮੈਨੂੰ ਖਾਲਸਾ ਹਾਈ ਸਕੂਲ ਕਾਲਰਾ ਤੋਂ **Matric** ਕਰਨ ਦੇ ਸਦਕੇ ਦੁਆਬੇ ਦੇ ਮਹਿਤਓ ਰਾਜਪੂਤਾਂ ਨਾਲ ਕੁਦਰਤੀ ਪਿਆਰ ਹੈ। ਖੋਜ ਸਿਰ-ਸੜਿਆਂ ਜਾਂ ਜਨੂੰਨੀਆਂ ਲਈ ਅਫ਼ੀਮ ਦਾ ਨਸ਼ਾ ਹੈ। ਪਰ ਅਫ਼ੀਮ ਨਾ ਮਿਲਣ **(Sources & Authentic Material)** ਕਾਰਨ ਹਫ਼ਕੇ ਬੈਠਣਾ ਪੈਂਦਾ ਹੈ। ਮੇਰੇ ਪਾਸ ਲੇਖ ਦੀ ਕੋਈ **Copy** ਨਹੀਂ ਹੈ। ਕਿਰਪਾ ਕਰਕੇ ਫੋਟੋਸਟੇਟ ਕਾਪੀ ਭੇਜਣ ਦੀ ਖੇਚਲ ਕਰਨੀ।

ਅਸੀਂ ਨਵੰਬਰ ਦੇ ਪਹਿਲੇ ਹਫ਼ਤੇ **23-A, Defence Colony, Jalandhar City Phone 590491 for about 3 months** ਪੁਜ ਰਹੇ ਹਾਂ, ਜੇ **India** ਪਰਤੇ ਤਾਂ ਮਿਲਣ ਦੀ ਖੇਚਲ ਕਰਨੀ।

ਆਪ ਜੀ ਦਾ ਹਿਤੂ,
ਬਖ਼ਸ਼ੀਸ਼ ਸਿੰਘ ਨਿੱਝਰ

***From :***

**Dr. Bakhshish S. Nijjar, P.E.S. (1)**
**Director, Punjab State Archives (Retd.)**
**M.A., Ph.d. History**
**M.A , M.O.L. Persian**
**M.A., Hons. Punjabi**
**D.P.E. Walton, Lahore**
**Member, Indian Historical Records Commission**

**8979—Caselman Rood**
**Sacramento. CA 95329 U.S.A.**
**(916) – 682-8888**

---

**Note :** ਇਸ ਪੱਤਰ ਦੇ ਉੱਤਰ ਵਿੱਚ ਮੈਂ ਡਾਕਟਰ ਨਿੱਝਰ ਜੀ ਨੂੰ ਲਿਖਿਆ ਸੀ ਕਿ ਹੁਣ ਆਪ ਜੀ ਦੀ ਤਸੱਲੀ ਹੋ ਗਈ ਹੈ, ਅਤੇ ਮੈਂ ਹੋਰ ਲਿਖਤਾਂ ਵੀ ਭੇਜ ਰਿਹਾ ਹਾਂ। ਆਪ ਕਿਰਪਾ ਕਰਕੇ ਇਕ ਹੋਰ **Article** ਲਿਖੋ ਅਤੇ ਆਪਣੀ ਪਹਿਲੀ ਲਿਖਤ ਨੂੰ ਠੀਕ ਠੀਕ ਕਰੋ। ਉਸ ਦੇ ਜਵਾਬ ਵਿੱਚ ਡਾ: ਸਾਹਿਬ ਦਾ ਅਗਲਾ ਪੱਤਰ 27 ਅਕਤੂਬਰ ਦਾ ਆਇਆ ਸੀ, ਜੋ ਪਾਠਕਾਂ ਦੀ ਨਜ਼ਰਸਾਨੀ ਲਈ ਪੇਸ਼ ਕਰ ਰਿਹਾ ਹਾਂ।

—ਪਰੀਤਮ ਸਿੰਘ ਮਿਨਹਾਸ

October 27, 1992

3871C-Adcock Dr.
Fremont, CA 94536 U.S.A.
(415) 794-0589

ਪਰਮ ਪਿਆਰੇ ਮਹਾਨ ਖੋਜੀ ਤੇ ਸਤਿਕਾਰਯੋਗ ਮਿਨਹਾਸ ਪਧਿਆਣਾ ਸਾਹਿਬ ਜੀ,

ਫਤਹਿ ! ਆਪ ਜੀ ਵਲੋਂ ਦੋ ਸਨੇਹ ਪੱਤਰਾਂ ਅਤੇ ਫੋਨ **Call** ਲਈ ਦਿਲੋਂ ਧੰਨਵਾਦੀ ਹਾਂ । 'ਰਾਜਪੂਤ ਦੁਆਬਾ' ਦੇ ਇਤਿਹਾਸ ਦੀ ਸੋਧ ਵਜੋਂ ਬੜੇ ਨਿੱਗਰ ਅਤੇ ਦਲੀਲ ਭਰਪੂਰ ਨੁਕਤੇ ਮਿਲੇ ਹਨ । ਤੜਪ ਅਤੇ ਸੱਚੀ ਖਿੱਚ ਲਈ ਦਾਦ ਦਿੰਦਾ ਹਾਂ । ਮੈਂ ਆਪਣੀ ਤੁਛ ਬੁਧੀ ਅਨੁਸਾਰ ਹੁਕਮ ਦੀ ਪਾਲਣਾ ਲਈ ਯਤਨ ਕਰਾਂਗਾ ।

ਦੁਆਬੇ ਦੇ ਰਾਜਪੂਤਾਂ ਨਾਲ 'ਮਹਿਤਓ' ਸ਼ਬਦ ਲਪੇਟਣ ਲਈ ਮੈਂ ਅਸਮਰਥ ਹਾਂ ਕਿਉਂਕਿ ਇਹ ਰਾਜਪੂਤ ਮਹਿਤਓ ਸ਼ਬਦ ਨੂੰ ਨ ਚਮੇੜਨ ਤੋਂ ਯਕ ਜ਼ਬਾਂ ਤੇ ਯਕਮੁਸ਼ਤ ਹੋ ਕੇ ਸਾਰੀ ਬਰਾਦਰੀ ਫ਼ਤਵਾ ਲੈ ਚੁੱਕੀ ਹੈ । ਸੋ, ਮੈਨੂੰ ਇਸ ਪਾਸੇ ਨ ਤੋਰੋ ਤਾਂ ਕਿ ਮੇਰੀ ਟੋਟਣੀ ਇਸ ਆਖ਼ਰੀ ਉਮਰੇ ਸਹੀ ਸਲਾਮਤ ਰਹਿ ਸਕੇ । ਤੁਸੀਂ ਰਾਜਪੂਤ ਕਿਸੇ ਦੋਸਤ-ਮਿੱਤਰ ਨੂੰ ਵੀ ਥਾਪਣ ਲਗੇ ਅੱਗਾ-ਪਿੱਛਾ ਨਹੀਂ ਤੱਕਦੇ ਤੇ ਜੇਕਰ ਚਾਰੇ ਸਿਰੇ ਮੇਰਾ ਥਪੜਾ ਕਰਾਉਣ ਲਈ ਮਸੱਮਮ ਇਰਾਦਾ ਕਰ ਹੀ ਬੈਠੇ ਹੋ ਤਾਂ ਮੈਂ ਦੋਸਤੀ ਨਿਭਾਵਾਂਗਾ । ਪਿਆਰੇ ਪ੍ਰੀਤਮ ! ਮੇਰੀਆਂ ਅੱਖਾਂ ਅੱਗੇ ਇਕ ਚੰਗੇ ਤਰਖਾਣ ਵਾਂਗ ਕਿ ਇਸ ਦਰੱਖਤ ਵਿਚੋਂ ਕੀ ਕੁਝ ਬਣ ਸਕਦਾ ਹੈ, ਮੌਜੂਦ ਹੈ । ਜਲੰਧਰ ਦੁਆਬੇ ਦੇ ਮਹਿਤਓ ਰਾਜਪੂਤਾਂ ਦਾ ਇਤਿਹਾਸ ਕਿਵੇਂ ਤੇ ਕਿਥੋਂ ਮੁਕੰਮਲ ਹੋ ਸਕਦਾ ਹੈ । ਇਹ ਠੀਕ ਹੈ ਕਿ ਕਾਰੇ ਦੁਸ਼ਵਾਰ, ਅਸਤ, ਪਰ ਦੁਨੀਆਂ ਵਿਚ ਸੁਆਦ ਉਸੇ ਕੰਮ ਨੂੰ ਕਰਕੇ ਆਉਂਦਾ ਹੈ; ਜਿਸ ਦੇ ਹੋਣ ਦੀ ਕੋਈ ਆਸ ਨ ਹੋਵੇ । ਜੱਟ ਦੀ ਪਛਾਣ ਹੁੰਦੀ ਹੈ; ਔੜ ਲੱਗੀ ਤੇ, ਬਹਾਦਰ ਦੀ ਪਛਾਣ ਯੁੱਧ ਵਿੱਚ ਅਤੇ ਖੋਜੀ ਦੀ ਪਛਾਣ ਉਦੋਂ ਹੁੰਦੀ ਹੈ ਜਦ ਖੋਜ ਸਮੱਗਰੀ ਦੇ ਮਿਲਣ ਦੀ ਆਸ ਨ ਹੋਵੇ :—

ਕਿਥੋਂ ਕੱਢਾਂ ਮੈਂ ਰਾਜ ਫਰੰਗੀਆਂ ਦਾ,
ਜਿਹੜਾ ਆਣ ਕੇ ਇਨ੍ਹਾਂ ਦਾ ਗਰਭ ਤੋੜੇ । (ਰਾਣੀ ਜਿੰਦਾਂ)

ਮਤਲਬ ਅੱਜ ਸ: ਕੁੰਦਨ ਸਿੰਘ ਪਰਮਾਰ ਤੇ ਸ: ਨਗੀਨਾ ਸਿੰਘ ਮਿਨਹਾਸ ਜੀਉਂਦੇ ਹੁੰਦੇ ਤਾਂ ਇਹ ਗੱਲ ਮਹੀਨਿਆਂ ਵਿਚ ਬਣ ਜਾਣੀ ਸੀ । ਸੋਮਿਆਂ ਦਾ ਪਤਾ ਹੈ ਮੈਨੂੰ । ਨਿੱਗਰ **I mean an authentic** ਪੁਸਤਕ ਬਣ ਸਕਦੀ ਹੈ ।

ਅਸੀਂ ਇਨਸ਼ਾ ਅੱਲਾ ਦਸੰਬਰ 6, 1992 ਨੂੰ ਜਲੰਧਰ ਗਰੀਬਖਾਨੇ **23-A, Defence Colony,** ਜਲੰਧਰ 144001 ਪੁਜ ਜਾਵਾਂਗੇ । ਫੋਨ ਜਲੰਧਰ 590491 । ਜਨਾਬ ਦੇ ਦੌਲਤਖ਼ਾਨੇ ਦਾ ਪਤਾ ਖ਼ਾਦਿਮ ਪਾਸ ਹੈ । ਮੌਕਾ ਲੱਗਾ, ਜ਼ਰੂਰ ਦਰਸ਼ਨਾਂ ਤੋਂ ਮੁਸਤਫ਼ੀਦ ਹੋਵਾਂਗਾ । ਬੱਚਿਆਂ ਨੂੰ ਪਿਆਰ !

—ਖ਼ਾਦਿਮੇ ਖ਼ਲਕ
ਬਖ਼ਸ਼ੀਸ਼ ਸਿੰਘ ਨਿੱਝਰ



ਪਹਿਲੇ ਤਾਂ ਇਸ ਕੌਮ ਦੇ ਲੋਕਾਂ ਪਾਸ ਗੁਜ਼ਾਰੇ ਮਾਫਿਕ ਜ਼ਮੀਨ ਬਹੁਤ ਸੀ, ਪਰ ਅੱਜ ਸੰਤਾਨ ਦੇ ਵਧ ਜਾਣ ਕਰਕੇ ਜ਼ਮੀਨਾਂ ਬਹੁਤ ਵੰਡੀਆਂ ਗਈਆਂ ਹਨ । ਹੁਣ ਇਕ ਦੇ ਹਿੱਸੇ ਵਿੱਚ ਥੋੜ੍ਹੀ-ਥੋੜ੍ਹੀ ਰਹਿ ਗਈ ਹੈ । ਇਸ ਤੋਂ ਇਲਾਵਾ ਪ੍ਰਮਾਤਮਾ ਦੀ ਕੁਝ ਐਸੀ ਮਰਜ਼ੀ ਹੈ ਕਿ ਜਿਥੇ-ਜਿਥੇ ਇਸ ਕੌਮ ਦੇ ਪਿੰਡ ਆਬਾਦ ਹਨ, ਉਹਨਾਂ ਪਿੰਡਾਂ ਵਿਚ ਪਹਾੜੀ ਇਲਾਕੇ ਤੋਂ ਹੜ੍ਹ ਵੀ ਬਹੁਤ ਆਉਂਦੇ ਹਨ । ਜਿਨ੍ਹਾਂ ਕਰਕੇ ਜ਼ਮੀਨ ਉਨ੍ਹਾਂ ਪਿੰਡਾਂ ਦੀ ਬਹੁਤ ਮਾਰੀ ਗਈ ਹੈ । ਕਿਸਮਤ ਦੀ ਖ਼ੂਬੀ ਨਾਲ ਇਸ ਕੌਮ ਨੂੰ ਰਾਜਪੂਤ ਹੋਣ ਦੇ ਕਾਰਨ ਗੁਜਰਾਂਵਾਲੇ ਦੇ ਇਲਾਕੇ ਬਾਰ ਵਿਚ ਚਨਾਬ ਦਰਿਆ ਦੀ ਨਹਿਰ ਪਰ ਜੋ ਜ਼ਮੀਨ ਅਲਾਟ ਹੋਈ ਹੈ, ਉਸ ਵਿਚੋਂ ਜੱਟ ਤੇ ਸੈਣੀ ਆਦਿ ਲੋਕਾਂ ਨੂੰ ਤਾਂ ਜ਼ਮੀਨ ਬਹੁਤ ਮਿਲੀ ਹੈ ਪਰ ਇਸ ਕੌਮ ਨੂੰ ਪ੍ਰਾਪਤ ਨਹੀਂ ਹੋਈ, ਇਸ ਦਾ ਕਾਰਨ ਇਹ ਸੀ ਕਿ ਰਾਜਪੂਤਾਂ ਨੂੰ ਜੱਟ ਤੇ ਸੈਣੀ ਲੋਕਾਂ ਦੇ ਮੁਕਾਬਲੇ ਘੱਟ ਮਿਹਨਤੀ ਸਮਝਿਆ ਗਿਆ । ਪਰ ਸਰਕਾਰ ਇਸ ਹਕੀਕਤ ਤੋਂ ਅਨਜਾਣ ਸੀ ਕਿ ਰਾਜਪੂਤ ਲੋਕਾਂ ਕੋਲ ਜ਼ਮੀਨ ਥੋੜੀ ਰਹਿ ਜਾਣ ਕਰਕੇ ਹੱਥੀਂ ਖੇਤੀ-ਬਾੜੀ ਕਰਨ ਲੱਗ ਪਏ ਸਨ ਜਿਸ ਕਰਕੇ ਇਹ ਦੂਜੀਆਂ ਕੌਮਾਂ ਤੋਂ ਵੀ ਜ਼ਿਆਦਾ ਮਿਹਨਤੀ ਤੇ ਸਿਰੜੀ ਹੋ ਗਏ ਹਨ । ਦੂਸਰੇ ਜੇ ਇਹ ਹੋਰ ਲੋਕਾਂ ਤੋਂ ਕਾਸ਼ਤ (ਵਾਹੀ) ਕਰਾਉਣ ਤਾਂ ਖਾਣ ਕਿਥੋਂ ? ਇਸ ਕਰਕੇ ਇਹ ਸਭ ਕੰਮ ਆਪਣੇ ਹੱਥੀਂ ਕਰਦੇ ਹਨ । ਹੁਣ ਇਸ ਕੌਮ ਦੇ ਸੂਝਵਾਨ ਅਤੇ ਅਗਾਂਹਵਧੂ ਸੋਚ ਰੱਖਣ ਵਾਲੇ ਬੁਧੀਜੀਵੀ ਲੋਕਾਂ ਨੇ ਆਪਣੀ ਕੌਮ ਦੀ ਤਰੱਕੀ ਅਤੇ ਖੁਸ਼ਹਾਲੀ ਵਾਸਤੇ ਅੰਗਰੇਜ਼ ਸਰਕਾਰ ਨੂੰ ਪ੍ਰਾਰਥਨਾ ਕਰਨ ਦਾ ਫੈਸਲਾ ਕਰ ਲਿਆ । ਇਸ ਔਖੇ ਕੰਮ ਨੂੰ ਸਿਰੇ ਚਾੜਨ ਹਰ ਪਿੰਡ ਵਿਚੋਂ ਦੋ-ਦੋ ਬੁਧੀਵਾਨ ਪੁਰਸ਼ਾਂ ਨੂੰ ਇਹ ਕੰਮ ਸੌਂਪਿਆ ਗਿਆ ਕਿ ਉਹ ਆਪਣੇ-ਆਪਣੇ ਜ਼ਿਲੇ ਦੇ ਡਿਪਟੀ ਕਮਿਸ਼ਨਰ ਨੂੰ ਦਰਖਾਸਤਾਂ ਦੇ ਕੇ ਆਪਣੀ ਹਾਲਤ ਤੋਂ ਜਾਣੂ ਕਰਾਉਣ । ਇਸੇ ਤਰ੍ਹਾਂ ਕੀਤਾ ਗਿਆ ਅਤੇ ਇਹ ਲੋਕ ਸਰਕਾਰ ਨੂੰ ਯਕੀਨ ਕਰਾਉਣ ਵਿਚ ਸਫਲ ਰਹੇ ਕਿ ਰਾਜਪੂਤ ਕਿਸੇ ਵੀ ਹੋਰ ਜਾਤ ਬਰਾਦਰੀ ਨਾਲੋਂ ਘੱਟ ਮਿਹਨਤੀ ਨਹੀਂ । ਜਿਸ ਦਾ ਬਾਅਦ ਵਿਚ ਫਾਇਦਾ ਇਹ ਹੋਇਆ ਕਿ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿਚ ਰਾਜਪੂਤਾਂ ਨੂੰ ਬਹੁਤ ਸਾਰੀ ਜ਼ਮੀਨ ਅਲਾਟ ਹੋਈ । ਇਹ ਕੁਝ ਕੁ ਸੰਖੇਪ ਇਤਿਹਾਸ ਆਪਣੀ ਕੌਮ ਦਾ ਲਿਖਿਆ ਹੈ । ਇਸ ਨੂੰ ਪੂਰਨ ਰੂਪ ਵਿਚ ਲਿਖਣਾ ਇਕ ਬੜਾ ਭਾਰੀ ਕਠਿਨ ਕੰਮ ਹੈ । ਫਿਰ ਵੀ ਕੋਸ਼ਿਸ਼ ਕਰਨਾ ਤਾਂ ਸਾਡਾ ਇਨਸਾਨੀ ਫਰਜ਼ ਹੈ ।

---

**NOTE** : ਡਾਕਟਰ ਮਈਆ ਸਿੰਘ ਜੀ ਦੀ ਲਿਖਤ ਤੋਂ ਪਤਾ ਲਗਦਾ ਹੈ ਕਿ ਇਸ ਕੌਮ ਦੇ ਹੀ ਇਕ ਮਹਾਸ਼ਯ ਭਾਈ ਦੂਲਾ ਸਿੰਘ ਜੀ ਵਾਸੀ ਪਿੰਡ ਪਧਿਆਨਾ ਵਲੋਂ ਇਸ ਕੌਮ ਦੇ ਇਤਿਹਾਸ ਨੂੰ ਲਿਖਣ ਦਾ ਬੀੜਾ ਚੁਕਿਆ ਗਿਆ ਹੈ ਪਰ ਸਾਨੂੰ ਭਾਈ ਦੂਲਾ ਜੀ ਬਾਰੇ ਅਜੇ ਤੱਕ ਕੋਈ ਜਾਣਕਾਰੀ ਨਹੀਂ ਮਿਲੀ, ਕੋਸ਼ਿਸ਼ ਜਾਰੀ ਹੈ ।

– ਪਰੀਤਮ ਸਿੰਘ ਮਿਨਹਾਸ

# ਡਾ: ਮਈਆ ਸਿੰਘ ਜੀ ਦੇ ਅਨਮੋਲ ਬਚਨ

ਪਿਆਰੇ ਭਾਈਓ ! ਜਦ ਸਮਾਂ ਬਦਲੇ ਤੁਸੀਂ ਵੀ ਬਦਲ ਜਾਓ । ਜੋ ਸਮੇਂ ਨੂੰ ਦੇਖ ਕੇ ਨਹੀਂ ਚਲਦਾ ਉਸਦਾ ਗੁਜ਼ਾਰਾ ਕਠਿਨ ਹੁੰਦਾ ਹੈ । ਸਮੇਂ ਦਾ ਰੰਗ ਬਦਲਦਾ ਹੈ, ਇਸ ਨੂੰ ਸਭ ਜਾਣਦੇ ਹਨ । ਉਹ ਸਦਾ ਇਕ ਹਾਲ ਪਰ ਨਹੀਂ ਰਹਿੰਦਾ । ਉਹ ਇਕ ਚਾਲ ਪਰ ਨਹੀਂ ਚਲਦਾ ਬਲਕਿ ਗਿਰਗਿਟ ਦੀ ਤਰ੍ਹਾਂ ਬਰਾਬਰ ਰੰਗ ਬਦਲਦਾ ਰਹਿੰਦਾ ਹੈ । ਉਹ ਪਹਾੜ ਦੇ ਰੁੜ੍ਹੇ ਹੋਏ ਪੱਥਰ ਵਾਂਗੂ ਹਜ਼ਾਰਾਂ ਪਲਟੇ ਖਾਂਦਾ ਹੈ । ਜਦੋਂ ਉਹ ਠਾਠ ਬਦਲਦਾ ਹੈ, ਉਸਦਾ ਰੰਗ ਸਾਰੀ ਸਭਾ ਵਿਚ ਫੈਲ ਜਾਂਦਾ ਹੈ । ਉਹ ਕਈ ਭੇਸ ਬਦਲਦਾ ਹੈ, ਜਦ ਦਿਨ ਦਾ ਬਾਣਾ ਬਦਲਦਾ ਹੈ ਤਾਂ ਸੁਤਿਆਂ ਨੂੰ ਜਗਾਉਂਦਾ ਹੈ । ਨਿਕੰਮਿਆਂ ਨੂੰ ਕੰਮ ਪਰ ਲਗਾਉਂਦਾ ਹੈ, ਸੁਸਤੀ ਨੂੰ ਦੂਰ ਕਰਦਾ ਹੈ, ਦਿਲਾਂ ਨੂੰ ਉਮੰਗ ਨਾਲ ਭਰ ਦਿੰਦਾ ਹੈ । ਇਸੇ ਤਰ੍ਹਾਂ ਜਦ ਉਹ ਰਾਤ ਦਾ ਬੁਰਕਾ ਪਹਿਨਦਾ ਹੈ ਤਾਂ ਦਿਨ ਦੀ ਸਾਰੀ ਦੁਨੀਆਂ ਨੂੰ ਮੇਟ ਦਿੰਦਾ ਹੈ । ਮਜ਼ਦੂਰਾਂ ਦਾ ਦਿਲ ਮਿਹਨਤ ਤੋਂ ਉਚਾਟ ਕਰਦਾ ਹੈ । ਮਿਹਨਤੀਆਂ ਨੂੰ ਖੁਸ਼ੀ ਦੇ ਬਿਸਤਰੇ ਪਰ ਲੈ ਜਾਂਦਾ ਹੈ । ਸਾਰੀ ਦੁਨੀਆਂ ਉਤੇ ਗ਼ਫਲਤ ਦਾ ਪਰਦਾ ਪਾ ਦਿੰਦਾ ਹੈ । ਸੱਚ ਹੈ, ਬਡਭਾਗੀ ਉਹੀ ਲੋਕ ਹਨ, ਜੋ ਇਸਦੀ ਚਾਲ-ਢਾਲ ਨੂੰ ਦੇਖ ਕੇ ਤੁਰਦੇ ਹਨ । ਜਿਧਰ ਨੂੰ ਉਹ ਤੁਰਿਆ ਉਸੇ ਪਾਸੇ ਆਪ ਵੀ ਚਲ ਪਏ । ਜਿਸ ਪਾਸੇ ਉਸ ਰੁਖ ਮੋੜਿਆ ਆਪ ਵੀ ਮੁੜ ਗਏ । ਮੰਦੇ ਭਾਗਾਂ ਵਾਲੇ ਉਹ ਲੋਕ ਹਨ ਜੋ ਉਸ ਦੇ ਪਿੱਛੇ-ਪਿੱਛ ਚਲਣ ਤੋਂ ਜੀਅ ਚੁਰਾਉਂਦੇ ਹਨ ਅਤੇ ਉਸਦੇ ਨਾਲ ਨਹੀਂ ਰਹਿੰਦੇ । ਦਿਨ ਨਿਕਲ ਪੈਂਦਾ ਹੈ, ਪਰ ਉਹ ਸੁੱਤੇ ਪਾਸਾ ਨਹੀਂ ਪਰਤਦੇ, ਸੁਸਤੀ ਦੀ ਨੀਂਦ ਤੋਂ ਨਹੀਂ ਜਾਗਦੇ । ਅਜਿਹੇ ਮੰਦਭਾਗੀਆਂ ਨੂੰ ਕੁਝ ਪ੍ਰਾਪਤ ਨਹੀਂ ਹੁੰਦਾ । ਆਦਮੀ ਨੂੰ ਚਾਹੀਦਾ ਹੈ ਕਿ ਲੋੜ ਅਨੁਸਾਰ ਖੁਦ ਨੂੰ ਢਾਲ ਲਵੇ ਜੋ ਅਜਿਹਾ ਕਰੇਗਾ, ਉਹ ਸਮੇਂ ਦੇ ਬਦਲਣ ਵੇਲੇ ਦੁਖ ਨਹੀਂ ਪਾਵੇਗਾ ।

---

ਹਨ੍ਹੇਰੀ ਉਨ੍ਹਾਂ ਹੀ ਦਰਖ਼ਤਾਂ ਨੂੰ ਤੋੜ ਕੇ ਸਿੱਟਦੀ ਹੈ, ਜੋ ਆਕੜ ਕੇ ਇਕ ਜਗ੍ਹਾ ਤੋਂ ਨਹੀਂ ਟੱਲਦੇ । ਦੇਖੋ ਜੋ ਛੋਟੇ-ਛੋਟੇ ਨਰਮ ਪੌਦੇ ਹੁੰਦੇ ਹਨ, ਉਹ ਹਵਾ ਦੇ ਝੋਕੇ ਨਾਲ ਝੁਕ ਜਾਂਦੇ ਹਨ ਅਤੇ ਬਰਕਰਾਰ ਬਣੇ ਰਹਿੰਦੇ ਹਨ । ਇਸ ਤਰ੍ਹਾਂ ਹੁਣ ਤੁਹਾਨੂੰ ਮਾਲੂਮ ਹੋ ਜਾਵੇਗਾ ਕਿ ਜੋ ਕੌਮਾਂ ਅੱਜ-ਕੱਲ੍ਹ ਦਿਨੋ-ਦਿਨ ਤਰੱਕੀ ਕਰ ਰਹੀਆਂ ਹਨ; ਉਹ ਜ਼ਮਾਨੇ ਨੂੰ ਦੇਖ ਕੇ ਉਸ ਦੇ ਅਨੁਸਾਰ ਆਪਣਾ ਕੰਮ-ਕਾਜ ਕਰਦੀਆਂ ਹਨ । ਸਾਡੀ ਕੌਮ ਦੀ ਹਾਲਤ ਜੋ ਸਮੁੱਚੇ ਤੌਰ ਤੇ ਚੰਗੀ ਨਹੀਂ । ਇਸ ਦਾ ਇਹੀ ਸਬੱਬ ਹੈ ਕਿ ਇਹ ਸਮੇਂ ਅਨੁਸਾਰ ਨਹੀਂ ਚਲਦੀ । ਹੋਰ ਲੋਕ ਸਮੇਂ ਨੂੰ ਦੇਖ ਕੇ ਰੰਗ ਬਦਲਦੇ ਜਾਂਦੇ ਹਨ, ਦੁਨੀਆਂ ਦੇ ਸੁਖਾਂ ਨੂੰ ਪ੍ਰਾਪਤ ਕਰ ਰਹੇ ਹਨ । ਪਰ ਮੇਰੇ ਭਾਈ



ਅਜੇ ਉਸੇ ਗਲਨ-ਧਸਨ ਵਿਚ ਜੋ ਸੈਂਕੜਿਆਂ ਬਰਸਾਂ ਤੋਂ ਤੁਰੀ ਆਉਂਦੀ ਹੈ, ਵਿੱਚ ਫਸੇ ਹੋਏ ਹਨ । ਸੋ, ਮੇਰੀ ਕੌਮ ਦਾ ਰੰਗ ਬਦਲਨਾ ਤਾਂ ਦੂਰ ਅਜੇ ਤਾਈਂ ਇਹ ਸੁਤੀ ਅੱਖ ਹੀ ਨਹੀਂ ਖੋਲ੍ਹ ਰਹੀ ।

ਐ ਮੇਰੇ ਭਾਈਓ ! ਤੁਸੀਂ ਉਨ੍ਹਾਂ ਰਾਜਪੂਤਾਂ ਦੀ ਸੰਤਾਨ ਹੋ, ਜੋ ਇਸ ਦੇਸ਼ ਅਤੇ ਪ੍ਰਦੇਸ਼ਾਂ ਵਿਚ ਰਾਜ ਕਰ ਗਏ ਹਨ । ਜਿਨ੍ਹਾਂ ਦੇ ਡੰਕੇ ਹਰ ਥਾਂ ਵੱਜਦੇ ਸਨ । ਬਹੁਤ ਚਿਰ ਹੋਇਆ, ਉਹ ਸਮਾਂ ਗੁਜ਼ਰ ਗਿਆ, ਉਹ ਖੇਤੀ ਦਰਿਆ ਬੁਰਦ ਹੋ ਗਈ । ਹੁਣ ਜ਼ਰਾ ਅੱਖਾਂ ਖੋਲ੍ਹੋ ਤੇ ਦੇਖੋ ਕਿ ਪਹਿਲਾਂ ਤੁਸੀਂ ਕੀ ਸੀ ਅਤੇ ਅੱਜ-ਕੱਲ੍ਹ ਕੀ ਹੋ ਗਏ ਹੋ ? ਤੁਸੀਂ ਉਨ੍ਹਾਂ ਛਤ੍ਰੀਆਂ ਦੀ ਔਲਾਦ ਹੋ, ਜੋ ਆਪਣੀ ਸੂਰਮਤਾਈ ਵਿੱਚ ਪ੍ਰਸਿੱਧ ਸਨ, ਪਰ ਅੱਜ ਤੁਹਾਡਾ ਕੀ ਹਾਲ ਹੈ ? ਜੱਟ ਲੋਕ ਤੁਹਾਨੂੰ ਅੱਜ ਕਿਸ ਨਜ਼ਰ ਨਾਲ ਦੇਖਦੇ ਹਨ । ਜੇ ਤੁਸੀਂ ਆਪਣੀ ਅਸਲੀ ਹਾਲਤ ਵਿਚ ਹੋਵੋ ਤਾਂ ਕੋਈ ਵੀ ਤੁਹਾਡੇ ਬਾਰੇ ਝੂਠੀਆਂ ਗੱਲਾਂ ਕਰਨ ਦੀ ਹਿੰਮਤ ਨਹੀਂ ਕਰ ਸਕਦਾ । ਦੇਖੋ ਤੁਹਾਡਾ ਕੀ ਹਾਲ ਹੈ ? ਜ਼ਮੀਨ ਤੁਹਾਡੇ ਕੋਲ ਬਹੁਤ ਥੋੜੀ ਰਹਿ ਗਈ ਹੈ, ਕੁਝ ਹੜ੍ਹਾਂ ਨੇ ਮਾਰ ਲਈ ਹੈ ਅਤੇ ਬਾਕੀ ਦੀ ਬਹੁਤੀ ਥਾਈਂ ਵੰਡੀ ਗਈ । ਰਾਜਪੂਤ ਹੋਣ ਕਰਕੇ ਬਾਰ ਦੇ ਇਲਾਕੇ ਵਿਚ ਜ਼ਮੀਨ ਨਾ ਮਿਲੀ, ਮਹਿਤਓ ਸ਼ਬਦ ਨੇ ਤਾਂ ਪੰਜ ਸਾਲਾਂ ਤੱਕ ਲਗਾਤਾਰ ਨੌਕਰੀ ਤੋਂ ਖ਼ਾਲੀ ਰੱਖਿਆ ਅਤੇ ਸਾਡੀ ਕੌਮ ਦੇ ਲਾਇਕ ਬੰਦਿਆਂ ਦੀ ਤਰੱਕੀ ਵੀ ਮਾਰੀ ਗਈ । ਐਸਾ ਹਾਲ ਹੋਣ ਤੇ ਵੀ ਤੁਹਾਨੂੰ ਉੱਨਤੀ ਕਰਨ ਦਾ ਕੁਝ ਵੀ ਖਿਆਲ ਨਹੀਂ ਆਇਆ, ਤੁਸਾਂ ਆਪਣੀ ਤਾਂ ਗੁਜ਼ਾਰ ਲਈ ਹੈ ਪਰ ਤੁਹਾਨੂੰ ਆਪਣਿਆਂ ਬੱਚਿਆਂ ਦਾ ਤਾਂ ਕੁਝ ਖ਼ਿਆਲ ਕਰਨਾ ਚਾਹੀਦਾ ਹੈ ਕਿ ਨਹੀਂ ? ਹੁਣ ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਆਪਣੇ ਬੱਚਿਆਂ ਨੂੰ ਪੜ੍ਹਾ-ਲਿਖਾ ਕੇ ਅਤੇ ਹੋਰ ਕਈ ਤਰ੍ਹਾਂ ਦੇ ਹੁਨਰ ਸਿਖਾ ਕੇ ਲਾਇਕ ਬਣਾਓ । ਤੁਸੀਂ ਵਿਚਾਰ ਕੇ ਤਾਂ ਦੇਖੋ, ਸੁੱਤੇ ਪਏ ਤੁਸੀਂ ਜਾਗਦੇ ਨਹੀਂ, ਜੇ ਕੋਈ ਜਗਾਉਣਾ ਵੀ ਚਾਹੇ ਤਾਂ ਅੱਗੋਂ ਤੁਸੀਂ ਖਾਣ ਨੂੰ ਪੈਂਦੇ ਹੋ । ਸਮੇਂ ਦੀ ਤੋਰ ਵੱਲ ਤੁਹਾਡਾ ਕੁਝ ਖਿਆਲ ਹੀ ਨਹੀਂ ਜਾਂਦਾ ਕਿ ਇਸ ਨੇ ਅੱਜ ਕੱਲ੍ਹ ਕੀ ਰੰਗ ਬਦਲਿਆ ਹੋਇਆ ਹੈ । ਜਦ ਤੁਹਾਨੂੰ ਇਹ ਮਾਲੂਮ ਨਹੀਂ ਹੈ ਤਾਂ ਸੋਚੋ ਕਿ ਤੁਸੀਂ ਆਪਣਾ ਸੁਧਾਰ ਕਿਸ ਤਰ੍ਹਾਂ ਕਰੋਗੇ ?

ਦੁਨੀਆਂ ਵਿੱਚ ਅੱਜ-ਕੱਲ੍ਹ ਇਕ ਆਮ ਘੋੜ-ਦੌੜ ਦਾ ਤਮਾਸ਼ਾ ਹੋ ਰਿਹਾ ਹੈ, ਹਰ ਕੌਮ ਦੇ 6 ਅਸਵਾਰ ਮੈਦਾਨ ਵਿਚ ਆ ਕੇ ਆਪਣਾ-ਆਪਣਾ ਹੁਨਰ ਦਿਖਾਉਂਦੇ ਹਨ । ਉਨ੍ਹਾਂ ਵਿਚੋਂ ਕਈ ਅਸਵਾਰ ਤਾਂ ਅੱਗੇ ਨਿਕਲ ਗਏ, ਕਈ ਪਿਛੋਂ ਪਹੁੰਚੇ ਅਤੇ ਕਈ ਅਜੇ ਰਾਹ ਵਿਚ ਹਨ; ਕਈ ਡਿੱਗਦੇ-ਢਹਿੰਦੇ ਹੌਲੀ-ਹੌਲੀ ਤੁਰੇ ਆਉਂਦੇ ਹਨ, ਕਈ ਅਜੇ ਥਾਂ ਸਿਰ ਹੀ ਬੈਠੇ ਹਨ । ਕਈ ਅਜਿਹੇ ਵੀ ਹਨ ਜਿਨ੍ਹਾਂ ਨੂੰ ਅਜੇ ਖ਼ਬਰ ਹੀ ਨਹੀਂ ਕਿ ਕਿਤੇ ਘੋੜ ਦੌੜ ਹੁੰਦੀ ਹੈ ਕਿ ਨਹੀਂ; ਜਦ ਉਹ ਸੁੱਤੇ ਪਏ ਜਾਗਣਗੇ ਤਾਂ ਘੋੜ ਦੌੜ ਦੀ ਖ਼ਬਰ ਸੁਣ ਕੇ ਜ਼ਰੂਰ ਹੱਥ ਮਲ-ਮਲ ਕੇ ਪਛਤਾਉਣਗੇ ।

ਐ ਮੇਰੇ ਭਾਈਓ ! ਤੁਸੀਂ ਵੀ ਉਨ੍ਹਾਂ ਸੁੱਤਿਆਂ ਹੋਇਆਂ ਵਿਚੋਂ ਹੋ; ਜਿਨ੍ਹਾਂ ਨੂੰ ਵਿਦਿਆ

ਰੂਪੀ ਘੋੜ ਦੌੜ ਦੀ ਕੁਝ ਵੀ ਖ਼ਬਰ ਨਹੀਂ ਹੈ। ਦੇਖੋ ਜੇ ਤੁਸੀਂ ਅਜੇ ਵੀ ਨਾ ਜਾਗੋਗੇ, ਮੇਰਾ ਕਹਿਣਾ ਯਾਦ ਰੱਖੋ ਜ਼ਰੂਰ ਪਛਤਾਓਗੇ ਅਤੇ ਹੱਥ ਮੱਲਦੇ ਰਹਿ ਜਾਓਗੇ। ਤੁਹਾਨੂੰ ਪਤਾ ਹੈ ਕਿ ਤੁਹਾਡੀ ਕੌਮ ਦੇ ਪਿਛੜੇ ਹੋਣ ਦੇ ਕਿਹੜੇ-ਕਿਹੜੇ ਕਾਰਣ ਹਨ ? ਉਹ ਹਨ ਤੁਹਾਡਾ ਬੇਫ਼ਿਕਰ ਹੋ ਕੇ ਸੌਣਾ, ਤੁਹਾਡੀ ਸੁਸਤੀ, ਅਵਿਦਿਆ, ਕੁਸੰਗਤ, ਬੱਚਿਆਂ ਨੂੰ ਨਿਕੰਮਿਆਂ ਤੇ ਅਨਪੜ੍ਹ ਰੱਖਣਾ, ਬਾਹਰ ਜਾ ਕੇ ਸ਼ਹਿਰਾਂ ਵਿਚ ਲੋਕਾਂ ਦੇ ਰੰਗ-ਢੰਗ ਤੇ ਗੱਲਬਾਤ ਨੂੰ ਸੁਣਕੇ, ਦੇਖ ਕੇ ਸਮੇਂ ਦੀ ਬਦਲੀ ਹੋਈ ਹਾਲਤ ਤੋਂ ਨਾਵਾਕਿਫ਼ ਹੋਣਾ, ਸਰਕਾਰ ਦੇ ਇਰਾਦਿਆਂ ਨੂੰ ਨਾ ਸਮਝਣਾ, ਮੂਰਖਤਾ ਦੀ ਅੰਧੇਰੀ ਕੋਠੜੀ ਵਿੱਚ ਪਏ ਰਹਿਣਾ। ਇਹ ਸਾਰੀਆਂ ਗੱਲਾਂ ਇਕ ਵਿਦਿਆ ਦੇ ਨਾ ਹੋਣ ਕਰਕੇ ਇਕ ਜਗ੍ਹਾ ਆ ਕੇ ਇਕੱਠੀਆਂ ਹੋ ਰਹੀਆਂ ਹਨ। ਯਾਦ ਰੱਖੋ ! ਜਦ ਤਾਈਂ ਤੁਸੀਂ ਜਾਗ ਕੇ ਆਪ ਹਿੰਮਤ ਨਾ ਕਰੋਗੇ ਤਦ ਤਾਈਂ ਕੁਝ ਵੀ ਨਹੀਂ ਹੋਣਾ।

ਹੇਠਾਂ ਡਾਕਟਰ ਸਾਹਿਬ ਸਮੁੱਚੀ ਮਨੁੱਖ ਜਾਤੀ ਨੂੰ ਸੰਬੋਧਿਤ ਹੁੰਦੇ ਕਹਿੰਦੇ ਹਨ :—

— ਕੁਲ ਦਾ ਆਧਾਰ ਬਨਣ ਲਈ ਇਕੋ ਹੀ ਨੇਕ ਪੁੱਤਰ ਭਲਾ ਹੈ।

— 5 ਸਾਲ ਤੱਕ ਲੜਕੇ ਨੂੰ ਪਿਆਰ, 10 ਸਾਲ ਤੱਕ ਸਜ਼ਾ ਅਤੇ 16 ਸਾਲ ਦਾ ਹੋਣ ਤੋਂ ਲੜਕੇ ਨਾਲ ਮਿੱਤਰ ਵਾਂਗ ਵਿਵਹਾਰ ਕਰੋ।

— ਦੁਰਭਾਗ ਤੇ ਵਿਪਤ ਵਿਖੇ, ਦੁਸ਼ਮਣ ਦੇ ਹਮਲੇ ਵੇਲੇ, ਭਿਅੰਕਰ ਕਾਲ ਪੈ ਜਾਣ ਅਤੇ ਦੁਸ਼ਟ ਜਨ ਦੀ ਸੰਗਤ ਤੋਂ ਜੋ ਪਿੱਛਾ ਛੁਡਾ ਲੈਂਦਾ ਹੈ, ਉਹੀ ਬਚ ਸਕਦਾ ਹੈ।

— ਧਰਮ, ਅਰਥ, ਕਾਮ ਅਤੇ ਮੋਖ ਇਨ੍ਹਾਂ ਚਾਰਾਂ ਵਿਚੋਂ ਜੇ ਕਿਸੇ ਨੇ ਇਕ ਵੀ ਆਪਣਾ ਨਹੀਂ ਬਣਾਇਆ ਤਾਂ ਉਸ ਦਾ ਮਨੁੱਖਾ ਜੀਵਨ ਕੇਵਲ ਮੌਤ ਦੀ ਉਡੀਕ ਤੇ ਅਨਾਜ ਨੂੰ ਬਰਬਾਦ ਕਰਨ ਦਾ ਸਾਧਨ ਮਾਤਰ ਰਹਿ ਜਾਂਦਾ ਹੈ।

— ਜਿਥੇ ਮੂਰਖ ਦੀ ਪੂਜਾ ਨਹੀਂ ਹੁੰਦੀ, ਅਨਾਜ ਦੀ ਸਾਂਭ-ਸੰਭਾਲ ਚੰਗੀ ਤਰ੍ਹਾਂ ਕੀਤੀ ਜਾਂਦੀ ਹੋਵੇ ਅਤੇ ਜਿਥੇ ਇਸਤਰੀ-ਪੁਰਸ਼ ਵਿਚ ਝਗੜਾ ਨਾ ਹੁੰਦਾ ਹੋਵੇ ਉਥੇ ਸਦਾ ਕਲਿਆਣ ਤੇ ਲਛਮੀ ਦਾ ਵਾਸਾ ਹੁੰਦਾ ਹੈ।

— ਆਰਬਲਾ, ਭਾਗ, ਧਨ, ਵਿਦਿਆ ਅਤੇ ਮੌਤ। ਇਹ ਪੰਜੇ ਪ੍ਰਾਣੀ ਦੇ ਗਰਭ ਵਿਚ ਹੁੰਦਿਆਂ ਹੀ ਲਿਖੇ ਜਾਂਦੇ ਹਨ।

— ਪੁੱਤਰ, ਮਿੱਤਰ ਅਤੇ ਬੰਧੂ ਜੋ ਮਹਾਂਪੁਰਸ਼ਾਂ (ਸੰਤਾਂ) ਦੇ ਉਲਟ ਚਲਦੇ ਹਨ ਉਹ ਮੰਦਭਾਗੇ ਹੁੰਦੇ ਅਤੇ ਜੋ ਲੋਕ ਉਨ੍ਹਾਂ (ਸੰਤਾਂ) ਦੀ ਸੰਗਤ ਕਰਦੇ ਹਨ, ਉਸ ਪੁੰਨ ਕਰਕੇ ਉਨ੍ਹਾਂ ਦੀ ਕੁਲ ਵੀ ਪੁੰਨਵਾਨ ਹੋ ਜਾਂਦੀ ਹੈ।



— ਮੱਛੀ, ਕਛੂਏ, ਚਿੜੀਆਂ ਜਿਸ ਧਿਆਨ ਅਤੇ ਸਪਰਸ਼ ਨਾਲ ਆਪਣੇ ਬੱਚਿਆਂ ਨੂੰ ਪਾਲਦੇ ਹਨ ਉਹ ਨਜ਼ਾਰਾ ਵੇਖਣਯੋਗ ਹੁੰਦਾ, ਭਲੇ ਪੁਰਖਾਂ ਦਾ ਵੀ ਆਪਣੇ ਬੱਚਿਆਂ ਪ੍ਰਤੀ ਇਹੀ ਵਰਤਾਰਾ ਹੁੰਦਾ ਹੈ।

— ਜਦ ਤੱਕ ਇਹ ਸਰੀਰ ਨਿਰੋਗ ਹੈ, ਜਦ ਤੱਕ ਮੌਤ ਦੂਰ ਹੋਵੇ ਤਦ ਤੱਕ ਹਰ ਮਨੁੱਖ ਨੂੰ ਪੁੰਨ-ਦਾਨ ਕਰਦੇ ਰਹਿਣਾ ਚਾਹੀਦਾ ਕਿਉਂਕਿ ਮਰਨ ਪਿਛੋਂ ਕੋਈ ਕੁਝ ਵੀ ਨਹੀਂ ਕਰ ਸਕੇਗਾ

— ਇਹ ਤਹਿ ਹੈ ਕਿ ਕਾਮਧੇਨ ਦੇ ਸਮਾਨ ਗੁਣ ਰੱਖਣ ਵਾਲੀ, ਬਹਾਰ ਤੋਂ ਬਗੈਰ ਵੀ ਫਲ ਦੇਣ ਵਾਲੀ ਅਤੇ ਪਰਦੇਸ਼ ਵਿਚ ਮਾਂ ਦੇ ਸਮਾਨ ਵਿਦਿਆ ਹੀ ਹੈ। ਵਿਦਿਆ ਨੂੰ ਛੁਪਿਆ ਹੋਇਆ ਖ਼ਜ਼ਾਨਾ ਵੀ ਕਿਹਾ ਜਾਂਦਾ ਹੈ।

— ਇਕੋ ਗੁਣਵਾਨ ਪੁੱਤਰ ਸੈਂਕੜੇ ਗੁਣਹੀਨ ਪੁੱਤਰਾਂ ਨਾਲੋਂ ਚੰਗਾ ਹੁੰਦਾ ਹੈ, ਜਿਵੇਂ ਕਿ ਇਕੋ ਚੰਦਰਮਾ ਅੰਧਕਾਰ ਨੂੰ ਮਿਟਾ ਦਿੰਦਾ ਹੈ ਪਰ ਤਾਰੇ ਕਰੋੜਾਂ ਦੀ ਗਿਣਤੀ 'ਚ ਹੋਣ ਦੇ ਬਾਵਜੂਦ ਅੰਧਕਾਰ ਨੂੰ ਮਿਟਾਉਣ ਤੋਂ ਅਸਮਰਥ ਰਹਿੰਦੇ ਹਨ।

— ਲੰਬੀ ਉਮਰ ਵਾਲੇ ਮੂਰਖ ਪੁੱਤਰ ਨਾਲੋਂ ਤਾਂ ਮਰਿਆ ਹੋਇਆ ਪੁੱਤਰ ਚੰਗਾ ਹੁੰਦਾ ਹੈ ਕਿਉਂਕਿ ਮਰੇ ਹੋਏ ਪੁੱਤਰ ਨੇ ਤਾਂ ਕੁਝ ਸਮਾਂ ਹੀ ਦੁੱਖ ਦਿੱਤਾ ਹੁੰਦਾ ਹੈ ਜਦ ਕਿ ਮੂਰਖ ਪੁੱਤਰ ਜਦ ਤਕ ਜੀਊਂਦਾ ਰਹੇਗਾ ਤਦ ਤਕ ਦੁੱਖ ਦਏਗਾ।

— ਬੁਰੇ ਨਗਰ ਦਾ ਵਾਸੀ, ਨੀਚ ਕੁਲ ਦੀ ਸੇਵਾ; ਖਰਾਬ ਭੋਜਨ, ਗੁਸੈਲ ਇਸਤਰੀ; ਮੂਰਖ ਪੁੱਤਰ ਅਤੇ ਇਖਲਾਕ ਤੋਂ ਹੀਣੀ ਲੜਕੀ; ਇਹ ਸਾਰੇ ਬਿਨਾਂ ਅੱਗ ਤੋਂ ਸਰੀਰ ਨੂੰ ਜਲਾਉਂਦੇ ਰਹਿੰਦੇ ਹਨ।

— ਉਸ ਗਾਂ ਦਾ ਕੀ ਲਾਭ ਹੈ, ਜੋ ਨਾ ਦੁੱਧ ਦਿੰਦੀ ਹੋਵੇ, ਨਾ ਹੀ ਉਸ ਦੇ ਕੋਈ ਲਵੇਰਾ ਹੋਣ ਦੀ ਆਸ ਹੋਵੇ। ਠੀਕ ਉਸੇ ਪ੍ਰਕਾਰ ਉਸ ਪੁੱਤਰ ਦਾ ਵੀ ਕੀ ਲਾਭ ਹੈ, ਜੋ ਨਾ ਗਿਆਨੀ (ਪੰਡਤ) ਹੋਵੇ, ਨਾ ਸੂਰਮਾ ਅਤੇ ਨਾ ਹੀ ਭਗਤ।

— ਦੁੱਖਾਂ ਭਰੇ ਸੰਸਾਰ ਅੰਦਰ ਮਨੁੱਖ ਲਈ ਸੁਖ ਦੇ ਸਾਧਨ ਤਿੰਨ ਹਨ —ਪੁੱਤਰ, ਇਸਤਰੀ ਅਤੇ ਸੱਜਣਾਂ ਦੀ ਸੰਗਤ।

— ਰਾਜੇ ਦਾ ਹੁਕਮ, ਵਿਦਵਾਨ ਦਾ ਕਥਨ ਅਤੇ ਲੜਕੀ ਦਾ ਦਾਨ। ਇਹ ਤਿੰਨੋ ਇਕੋ ਵਾਰ ਹੀ ਹੁੰਦੇ ਹਨ।

— ਇਕੱਲਿਆਂ ਤਪੱਸਿਆ, ਦੋ ਨਾਲ ਪੜ੍ਹਾਈ, ਤਿੰਨਾਂ ਨਾਲ ਗਾਉਣਾ; ਚਾਰਾਂ ਨਾਲ ਸਫ਼ਰ, ਪੰਜਾਂ ਨਾਲ ਖੇਤੀ ਅਤੇ ਬਹੁਤਿਆਂ ਨਾਲ ਲੜਾਈ ਹੋ ਸਕਦੀ ਹੈ।

— ਇਸਤਰੀ ਉਹੀ ਹੈ ਜੋ ਪਵਿੱਤਰ ਸਤੀ, ਪਤੀ ਦੀ ਪਿਆਰੀ ਅਤੇ ਸੱਚ ਬੋਲਣ ਵਾਲੀ ਹੈ।

— ਪੁੱਤਰਹੀਨ ਮਨੁੱਖ ਦਾ ਘਰ, ਭੈਣ-ਭਰ ਵਾਂ ਬਿਨਾਂ ਪ੍ਰਾਣੀਆਂ ਦੀ ਦਸ਼ਾ ਅਤੇ ਮੂਰਖ ਦਾ ਹਿਰਦਾ ਸੁੰਨਸਾਨ ਹੁੰਦਾ ਹੈ ਜਦ ਕਿ ਆਲਸੀ ਮਨੁੱਖ ਦਾ ਸਭ ਕੁਝ ਸੁੰਨ ਹੁੰਦਾ ਹੈ।

— ਬਿਨਾਂ ਅਭਿਆਸ ਕੀਤਿਆਂ ਸ਼ਸਤਰ, ਬਿਨਾਂ ਪਚੇ ਭੋਜਨ, ਕੰਗਾਲ ਲਈ ਸਭਾ ਅਤੇ ਬੁੱਢੇ ਮਨੁੱਖ ਲਈ ਜਵਾਨ ਇਸਤਰੀ ਜ਼ਹਿਰ ਸਮਾਨ ਹੁੰਦੇ ਹਨ।

— ਦਯਾ ਬਿਨਾਂ ਧਰਮ ਨੂੰ, ਵਿਦਿਆ-ਰਹਿਤ ਗੁਰੂ ਨੂੰ, ਝਗੜਾਲੂ ਇਸਤਰੀ ਨੂੰ ਅਤੇ ਪ੍ਰੀਤ ਵਿਹੂਣੇ ਸੱਜਣਾਂ ਨੂੰ ਜਿੰਨੀ ਛੇਤੀ ਹੋ ਸਕੇ ਛੱਡ ਦੇਣਾ ਚਾਹੀਦਾ ਹੈ।

— ਬੁੱਢੇ ਵੇਲੇ ਮਨੁੱਖਾਂ ਦਾ ਚਲਣਾ, ਘੋੜਿਆਂ ਨੂੰ ਬੰਨ੍ਹ ਰੱਖਣਾ, ਇਸਤਰੀਆਂ ਨੂੰ ਸੰਗ ਨ ਕਰਨਾ ਭਲਾ ਹੈ।

— ਇਹ ਕਿਹੋ ਜਿਹਾ ਸਮਾਂ ਹੈ, ਕਿਸ ਸਮੇਂ ਵਿਚ ਕੀ ਕਰਨਾ ਚਾਹੀਦਾ ਹੈ, ਮਿੱਤਰ ਕੌਣ ਹੈ, ਦੇਸ਼ ਕਿਹੜਾ ਹੈ, ਆਮਦਨ ਤੇ ਖਰਚ ਕੀ ਹੈ, ਮੈਂ ਕਿਸਦਾ ਹਾਂ ਅਤੇ ਮੇਰੀ ਤਾਕਤ ਕਿੰਨੀ ਹੈ। ਇਨ੍ਹਾਂ ਸਾਰੀਆਂ ਗੱਲਾਂ ਨੂੰ ਵਿਚਾਰਦੇ ਰਹਿਣਾ ਚਾਹੀਦਾ ਹੈ।

— ਉਤਮ ਜਾਤੀ ਵਾਲਿਆਂ ਦਾ ਦੇਵਤਾ ਅਗਨੀ ਹੈ, ਰਿਸ਼ੀਆਂ-ਮੁਨੀਆਂ ਦਾ ਦੇਵਤਾ ਹਿਰਦੇ ਵਿੱਚ ਹੈ, ਥੋੜ੍ਹੀ ਬੁਧੀ ਵਾਲਿਆਂ ਦਾ ਦੇਵਤਾ ਮੂਰਤ ਵਿੱਚ ਹੈ ਅਤੇ ਸਮਦਰਸ਼ੀਆਂ ਦਾ ਦੇਵਤਾ ਹਰ ਥਾਂ ਵਿਦਮਾਨ ਹੈ।







# ਰਾਜਪੂਤਾਂ ਦੇ ਉਘੇ ਵੰਸ਼ ਤੇ ਗੋਤ

ਰਾਜਪੂਤ ਦਾ ਮਤਲਬ ਹੈ, ਰਾਜੇ ਦਾ ਪੁੱਤਰ (ਬੇਟਾ)। ਰਾਜਪੂਤਾਂ ਦੀਆਂ ਤਿੰਨ ਵੱਡੀਆਂ ਸ਼ਾਖਾਂ ਹਨ ਅਤੇ 36 ਗੋਤ ਹਨ। ਜਿਸ ਦਾ ਸੰਖੇਪ ਵਰਨਣ ਹੇਠ ਅਨੁਸਾਰ ਹੈ :—

## 1. ਸੂਰਜ ਵੰਸ਼ :

ਇਹ ਸ੍ਰੀ ਰਾਮ ਚੰਦਰ ਦਾ ਵੰਸ਼ ਹੈ। ਸ੍ਰੀ ਰਾਮ ਚੰਦਰ ਦੇ ਪੜਦਾਦਾ ਦਾ ਨਾਂ ਸੂਰਜ ਸੀ, ਸ੍ਰੀ ਰਾਮ ਚੰਦਰ ਦੇ ਇਕ ਲੜਕੇ ਲਵ ਨੇ ਲਾਹੌਰ ਸ਼ਹਿਰ ਵਸਾਇਆ ਸੀ ਅਤੇ ਦੂਸਰੇ ਲੜਕੇ ਕੁਛ ਨੇ ਕਸੂਰ ਸ਼ਹਿਰ ਵਸਾਇਆ ਸੀ। ਬਾਅਦ ਵਿਚ ਇਨ੍ਹਾਂ ਦੀ ਸੰਤਾਨ ਦੂਰ-ਦੂਰ ਤੱਕ ਫੈਲ ਗਈ। ਇਹ ਗੱਲ ਤਰੇਤੇ ਯੁੱਗ ਹੈ, ਮਤਲਬ ਕਿ ਲੱਖਾਂ ਸਾਲ ਪੁਰਾਣੀ ਹੈ। ਇਸ ਵੰਸ਼ ਦੇ ਹੇਠਾਂ ਲਿਖੇ ਗੋਤ ਵਰਨਣਯੋਗ ਹਨ :

ਗਹਿਲੋਤੀ, ਰਾਠੌਰ ਅਤੇ ਮੈਨਹਾਸ/ਮਿਨਹਾਸ

## 2. ਚੰਦਰ ਵੰਸ਼ :

ਇਹ ਵੰਸ਼ ਸ੍ਰੀ ਕ੍ਰਿਸ਼ਨ ਜੀ ਦੇ ਖਾਨਦਾਨ ਨਾਲ ਸਬੰਧਤ ਹੈ। ਇੰਦਰਪ੍ਰਸਤ ਜੋ ਕਿ ਦਿੱਲੀ ਦਾ ਪੁਰਾਣਾ ਨਾਂ ਹੈ, ਕੌਰਵਾਂ-ਪਾਂਡਵਾਂ ਨੇ ਵਸਾਇਆ ਸੀ। ਹੌਲੀ-ਹੌਲੀ ਇਹਨਾਂ ਦੀ ਸੰਤਾਨ ਇਰਦ-ਗਿਰਦ ਦੇ ਇਲਾਕੇ ਵਿਚ ਵਸ ਗਈ। ਇਹ ਦੁਆਪੁਰ ਯੁੱਗ ਦੀ ਗੱਲ ਹੈ ਅਤੇ ਹਜ਼ਾਰਾਂ ਸਾਲ ਪੁਰਾਣੀ ਹੈ। ਮਹਾਂਭਾਰਤ ਦਾ ਯੁੱਧ ਜੋ ਕਿ ਕੁਰਕਸ਼ੇਤਰ ਦੇ ਮੈਦਾਨ ਵਿਚ ਹੋਇਆ ਸੀ, ਉਸ ਵਿਚ ਸ੍ਰੀ ਕ੍ਰਿਸ਼ਨ ਨੇ ਪਾਂਡਵਾਂ ਦੀ ਤਰਫੋਂ ਸਰਗਰਮ ਹਿੱਸਾ ਲਿਆ ਸੀ। ਇਸ ਵੰਸ਼ ਨਾਲ ਸਬੰਧਤ ਜ਼ਿਕਰਯੋਗ ਹੇਠਲੇ ਗੋਤ ਹਨ :

ਤੂਰ ਅਤੇ ਭੱਟੀ

## 3. ਅਗਨੀ ਕੁਲ ਵੰਸ਼ :

ਇਹ ਸਭ ਤੋਂ ਪੁਰਾਣਾ ਵੰਸ਼ ਹੈ। ਇਸ ਦਾ ਸੰਖੇਪ ਵਰਨਣ ਇਹ ਹੈ ਕਿ ਬ੍ਰਾਹਮਣਾਂ ਨੂੰ ਉਨ੍ਹਾਂ ਦੇ ਦੁਸ਼ਮਣ ਤੰਗ ਕਰਦੇ ਸਨ, ਉਨ੍ਹਾਂ ਦੁਖੀ ਹੋ ਕੇ ਯੱਗ ਕੀਤਾ, ਜਿਸ ਵਿਚ ਹਵਨ-ਕੁੰਡ ਜਲਾਇਆ ਗਿਆ ਅਤੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਸਾਡੀ ਰੱਖਿਆ ਕਰਨ ਲਈ ਕੁਝ ਬਲਸ਼ਾਲੀ ਬੰਦੇ ਸਾਨੂੰ ਦੇ। ਕਹਿੰਦੇ ਹਨ ਕਿ ਤਦ ਹੇਠਾਂ ਲਿਖੇ ਗੋਤਾਂ ਦੇ ਬਡਾਰੂ ਅਗਨੀ-ਕੁੰਡ ਵਿਚੋਂ ਪੈਦਾ ਹੋਏ ਸਨ :—

ਚੌਹਾਨ, ਪਰਮਾਰ, ਸੋਲੰਕੀਆਂ, ਪਰੀਹਾਰ, ਚਾਲਕੀਆਂ ਆਦਿ। ਪਰਮਾਰਾਂ ਨੂੰ ਮੋਰੀ ਤੇ ਮੋਰਿਆ ਖਾਨਦਾਨ ਵਜੋਂ ਵੀ ਜਾਣਿਆ ਜਾਂਦਾ ਹੈ।

## ਪਰਤਾਪੀ ਅਤੇ ਮਸ਼ਹੂਰ ਰਾਜੇ :

| | |
|---|---|
| ਰਾਜਾ ਬਿਕਰਮਾਜੀਤ | ਪੁਆਰ |
| ਸਲਵਾਨ (ਪੂਰਨ ਭਗਤ ਦਾ ਪਿਤਾ) | ਪੁਆਰ |
| ਰਾਜਾ ਭੋਜ | ਪਰਮਾਰ |
| ਰਾਜਾ ਜੈ ਚੰਦ | ਰਾਠੌਰ |
| ਰਾਜਾ ਪਿਰਥੀ ਰਾਜ ਚੌਹਾਨ | ਚੌਹਾਨ |

## ਰਾਜਪੂਤ ਕੌਮ ਦੇ ਪਰਤਾਪੀ ਗੁਰਸਿੱਖ :

1. ਭਾਈ ਬਚਿੱਤਰ ਸਿੰਘ ਮਿਨਹਾਸ ਨਿਵਾਸੀ ਪਿੰਡ ਪਧਿਆਣਾ। ਭਾਈ ਸਾਹਿਬ ਉਹ ਪਰਤਾਪੀ ਗੁਰਸਿੱਖ ਹਨ, ਜਿਨ੍ਹਾਂ ਨੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਥਾਪੜਾ ਲੈ ਕੇ ਮਸਤ ਹਾਥੀ ਨਾਲ ਮੁਕਾਬਲਾ ਕੀਤਾ ਸੀ।

2. ਬਾਬਾ ਗਿਧਾਨ ਸਿੰਘ ਪਰਮਾਰ ਇਹ ਪਿੰਡ **ਨਿਡਾਲੋਂ**, ਜ਼ਿਲ੍ਹਾ ਹੁਸ਼ਿਆਰਪੁਰ ਦੇ ਰਹਿਣ ਵਾਲੇ ਸਨ। ਇਨ੍ਹਾਂ ਨੇ ਤਖ਼ਤ ਹਜ਼ੂਰ ਸਾਹਿਬ ਵਿਖੇ **ਗੁਰੂ ਕਾ** ਲੰਗਰ ਸ਼ੁਰੂ ਕਰਵਾਇਆ ਤੇ ਇਮਾਰਤ ਦੀ ਸੇਵਾ ਹੱਥੀਂ ਕਰਵਾਈ, ਜਿਸ ਦੀ ਮਿਸਾਲ ਅੱਜ ਤੱਕ ਨਹੀਂ ਮਿਲਦੀ।

3. ਜਥੇਦਾਰ ਗੁਰਦਿਆਲ ਸਿੰਘ ਅਜਨੋਹਾ— ਅਜਿਹੇ ਗੁਰਸਿੱਖ ਹੋਏ ਹਨ ਜੋ ਆਪਣੀ ਮਿਸਾਲ ਆਪ ਹੀ ਕਾਇਮ ਕਰ ਗਏ ਹਨ। ਇਕ ਵਾਰ **ਸੰਤ** ਜਰਨੈਲ ਸਿੰਘ ਭਿੰਡਰਾਂਵਾਲਿਆਂ ਨਾਲ ਵਿਚਾਰ-ਵਟਾਂਦਰਾ ਕਰ ਰਹੇ ਸਨ ਕਿ ਸੰਤ ਭਿੰਡਰਾਂਵਾਲਿਆਂ ਨੇ ਬਚਨ ਕੀਤਾ, "ਜਥੇਦਾਰ ਗੁਰਦਿਆਲ ਸਿੰਘ ਟਾਇਮ ਆ ਗਿਆ ਹੈ, ਕੁਰਬਾਨੀਆਂ ਦੇਣ ਦਾ।" ਪਰ ਜਥੇਦਾਰ ਅਜਨੋਹਾ ਨੇ ਕੋਈ ਉਤਰ ਨਾ ਦਿੱਤਾ। ਪਰੰਤੂ ਸਮਾਪਤੀ ਤੇ ਜਥੇਦਾਰ ਅਜਨੋਹਾ ਨੇ ਅਰਦਾਸ ਕੀਤੀ, "ਹੇ ਵਾਹਿਗੁਰੂ ! ਮੇਰੀ ਬਾਕੀ ਆਯੂ ਸੰਤ ਭਿੰਡਰਾਂਵਾਲਿਆਂ ਨੂੰ ਲੱਗ ਜਾਵੇ, ਇਨ੍ਹਾਂ ਅਜੇ ਬਹੁਤ ਕੰਮ ਕਰਨੇ ਹਨ।" ਅਰਦਾਸੇ ਤੋਂ ਬਾਅਦ ਸੰਤ ਭਿੰਡਰਾਂਵਾਲਿਆਂ ਨੇ ਪੁੱਛਿਆ, "ਗੁਰਦਿਆਲ ਸਿੰਘ ਇਹ ਕੀ ਅਰਦਾਸਾ ਕੀਤਾ" ਤਦ ਜਥੇਦਾਰ ਅਜਨੋਹਾ ਨੇ ਕਿਹਾ, "ਆਪ ਦੇ ਹੁਕਮ ਦੀ ਪਾਲਣਾ ਕੀਤੀ ਹੈ।" ਇਸ ਤੋਂ ਠੀਕ ਇਕ ਮਹੀਨੇ ਬਾਅਦ ਜਥੇਦਾਰ ਅਜਨੋਹਾ ਬਿਨਾਂ ਕਿਸੇ ਬੀਮਾਰੀ ਦੇ ਅਕਾਲ ਚਲਾਣਾ ਕਰ ਗਏ। ਇਹ ਗੱਲ ਜਥੇਦਾਰ ਅਜਨੋਹਾ ਦੇ ਭੋਗ ਸਮੇਂ ਸੰਤ ਭਿੰਡਰਾਂਵਾਲਿਆਂ ਨੇ ਦੱਸੀ ਸੀ।

4. ਭਾਈ ਫੂਲਾ ਸਿੰਘ—ਇਹ ਮਹਾਰਾਜਾ ਰਣਜੀਤ ਸਿੰਘ ਦੇ ਉਘੇ ਜਰਨੈਲ ਸਨ। ਇਹ ਨੌਸ਼ਹਿਰਾ (ਪਾਕਿਸਤਾਨ) ਵਿੱਚ ਸ਼ਹੀਦ ਹੋਏ ਸਨ। ਪਿੰਡ ਅਜਨੋਹਾ ਦੇ ਵਾਸੀ ਸਨ।

5. ਤਲਵਿੰਦਰ ਸਿੰਘ ਪਰਮਾਰ ਇਹ ਬੱਬਰ ਖਾਲਸਾ ਦਾ ਮੋਢੀ ਸੀ। ਪਿੰਡ ਪਾਂਸ਼ਟਾਂ ਦਾ ਵਾਸੀ ਸੀ। ਇਹ ਫਿਲੌਰ ਲਾਗੇ ਅਕਤੂਬਰ 1992 'ਚ ਸ਼ਹੀਦ ਹੋਇਆ। ਉਕਤ ਚਾਰੇ ਸੂਰਮੇ ਅਗਨੀ ਕੁਲ ਵੰਸ਼ ਨਾਲ ਸਬੰਧਤ ਹਨ।

6. ਭਾਈ ਮੰਝ ਜੀ ਇਹ ਪਿੰਡ ਠੱਕਰਵਾਲ (ਹੁਸ਼ਿਆਰਪੁਰ) ਦੇ ਰਹਿਣ ਵਾਲੇ ਸਨ। ਭਾਈ ਮੰਝ ਜੀ ਪੰਚਮ ਪਾਤਸ਼ਾਹ ਦੇ ਸਮਕਾਲੀ ਸਨ। ਇਹ ਜੰਗਲ ਵਿਚੋਂ ਲੱਕੜਾਂ ਕੱਟ ਕੇ ਗੁਰੂ ਕੇ ਲੰਗਰ ਵਿਚ ਪਹੁੰਚਾਉਣ ਦੀ ਸੇਵਾ ਕਰਦੇ ਸਨ। ਇਕ ਵਾਰ ਜਦ ਸਿਰ ਤੇ ਲੱਕੜਾਂ ਚੁਕੀ ਆ ਰਹੇ ਸਨ ਤਾਂ ਖੂਹ ਵਿਚ ਡਿੱਗ ਪਏ, ਜਦ ਇਨ੍ਹਾਂ ਬਾਹਰ ਕੱਢਣ ਲੱਗੇ ਤਾਂ ਭਾਈ ਸਾਹਿਬ ਨੇ ਫੁਰਮਾਇਆ, "ਪਹਿਲਾਂ ਲੱਕੜਾਂ ਕੱਢੋ, ਮੈਨੂੰ ਬਾਅਦ 'ਚ ਕੱਢਿਓ।" ਇਸ ਸਿਦਕੀ ਗੁਰਸਿੱਖ ਤੋਂ ਹੀ ਮੰਝ ਗੋਤ ਮਸ਼ਹੂਰ ਹੋਇਆ।

B. S. 756-2845 V. P. - S. P.

F. S. 753-5686